# ਗਾਈਡ 5

# ਸੁਣਵਾਈ ਲਈ ਤਿਆਰ ਹੋਣਾ


**BC Human Rights Tribunal**

**1170 - 605 Robson Street**

**Vancouver, BC, V6B 5J3**

**ਫੋਨ: (604) 775-2000**

**ਫੈਕਸ: (604) 775-2020**

**ਟੀ ਟੀ ਵਾਈ: (604) 775-2021**

**ਦੂਰੋਂ ਮੁਫਤ ਲਾਈਨ: 1-888-440-8844**

**ਵੈੱਬਸਾਈਟ: www.bchrt.bc.ca**


ਬ੍ਰਿਟਿਸ਼ ਕੋਲੰਬੀਆ ਦੇ ਆਪਣੇ ਨੇੜੇ ਦੇ ਸਰਕਾਰੀ ਏਜੰਟ ਦੇ ਦਫਤਰ ਦਾ ਪਤਾ ਲਾਉਣ ਲਈ ਉਪਰਲੇ ਕਿਸੇ ਨੰਬਰ ਤੇ ਟ੍ਰਿਬਿਊਨਲ ਨੂੰ ਫੋਨ ਕਰੋ, ਜਾਂ ਸਹਾਇਤਾ ਲਈ ਇਨਕੁਆਰੀ ਬੀ ਸੀ ਨੂੰ 1-800-663-7867 ਤੇ ਮੁਫਤ ਫੋਨ ਕਰੋ। ਤੁਸੀਂ ਇਸ ਐਡਰੈਸ ਤੇ ਸਰਕਾਰੀ ਏਜੰਟ ਦਾ ਵੈੱਬਸਾਈਟ ਵੀ ਦੇਖ ਸਕਦੇ ਹੋ:
**www.governmentagents.gov.bc.ca**

BRITISH COLUMBIA


AG03040
04/2005
[Punjabi]


BRITISH COLUMBIA

ਬ੍ਰਿਟਿਸ਼ ਕੋਲੰਬੀਆ ਹਿਊਮਨ ਰਾਈਟਸ ਟ੍ਰਿਬਿਊਨਲ

## ਕਿਰਪਾ ਕਰਕੇ ਨੋਟ ਕਰੋ:

ਇਸ ਗਾਈਡ ਵਿਚ ਦਿੱਤੀ ਗਈ ਜਾਣਕਾਰੀ, ਹਿਊਮਨ ਰਾਈਟਸ ਕੋਡ ਅਧੀਨ ਸੁਣਵਾਈ ਦੀ ਕਾਰਵਾਈ ਬਾਰੇ ਇਕ ਸੰਖੇਪ ਹੈ ਅਤੇ ਇਹ ਜਾਣਕਾਰੀ ਸੁਣਵਾਈ ਲਈ ਤਿਆਰੀ ਕਰਨ ਵਿਚ ਸਹਾਇਤਾ ਕਰਨ ਲਈ ਹੈ। ਇਸ ਗਾਈਡ ਦਾ ਮੰਤਵ ਹਿਊਮਨ ਰਾਈਟਸ ਕੋਡ ਜਾਂ ਟ੍ਰਿਬਿਊਨਲ ਦੇ ਅਮਲਾਂ ਅਤੇ ਕਾਰਵਾਈਆਂ ਦੇ ਨਿਯਮਾਂ ਦਾ ਬਦਲ ਬਣਨਾ ਨਹੀਂ ਹੈ। ਇਹ ਗਾਈਡ ਕੋਈ ਕਾਨੂੰਨੀ ਸਲਾਹ ਨਹੀਂ ਹੈ। ਜੇ ਤੁਹਾਡੇ ਸਵਾਲ ਕਾਨੂੰਨ ਨਾਲ ਸੰਬੰਧਿਤ ਹਨ ਤਾਂ ਤੁਹਾਨੂੰ ਕਿਸੇ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਜ਼ਿਆਦਾ ਜਾਣਕਾਰੀ ਲਈ, ਇਸ ਗਾਈਡ ਦਾ "ਹੋਰ ਮਦਦ ਕਿੱਥੋਂ ਲੈਣੀ ਹੈ" ਭਾਗ ਦੇਖੋ (ਸਫਾ 19)।

ਬ੍ਰਿਟਿਸ਼ ਕੋਲੰਬੀਆ ਹਿਊਮਨ ਰਾਈਟਸ ਟ੍ਰਿਬਿਊਨਲ

ਗਾਈਡ 5

# ਸੁਣਵਾਈ ਲਈ ਤਿਆਰ ਹੋਣਾ

ਅੰਦਰ...


ਸਫਾ 1 – ਸੁਣਵਾਈ ਦਾ ਮੰਤਵ

ਸਫਾ 1 – ਕਾਨੂੰਨੀ ਨੁਮਾਇੰਦਗੀ

ਸਫਾ 2 – ਸੁਣਵਾਈਆਂ ਦੀ ਭੇਤਦਾਰੀ

ਸਫਾ 2 – ਸੁਣਵਾਈ ਲਈ ਤਿਆਰੀ ਕਰਨਾ

ਸਫਾ 13 – ਸੁਣਵਾਈ ਵਿਚ ਕੀ ਹੁੰਦਾ ਹੈ

ਸਫਾ 18 – ਫੈਸਲੇ ਦੀ ਆਸ ਕਦੋਂ ਰੱਖਣੀ ਹੈ

ਸਫਾ 20 – ਹੋਰ ਮਦਦ ਕਿੱਥੋਂ ਲੈਣੀ ਹੈ


## ਸੁਣਵਾਈ ਦਾ ਮੰਤਵ

ਜੇ ਤੁਸੀਂ ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ (**ਟ੍ਰਿਬਿਊਨਲ**) ਅੱਗੇ ਕਿਸੇ ਸ਼ਿਕਾਇਤ ਵਿਚ ਇਕ ਧਿਰ ਹੋ, ਅਤੇ ਤੁਹਾਡੇ ਕੇਸ ਦਾ ਨਿਪਟਾਰਾ ਨਹੀਂ ਹੋਇਆ ਹੈ ਤਾਂ ਟ੍ਰਿਬਿਊਨਲ ਸੁਣਵਾਈ ਲਈ ਤਰੀਕਾਂ ਤਹਿ ਕਰੇਗਾ।

ਸੁਣਵਾਈ ਇਹ ਕਰੇਗੀ:

- ਸ਼ਿਕਾਇਤਕਰਤਾ (ਕਮਪਲੇਨੈਂਟ) ਨੂੰ ਆਪਣੀ ਸ਼ਿਕਾਇਤ ਅਤੇ ਜਿਹੜਾ ਹੱਲ ਉਹ ਚਾਹੁੰਦਾ ਹੈ ਸਾਬਤ ਕਰਨ ਦਾ ਮੌਕਾ ਦੇਵੇਗੀ
- ਉੱਤਰਦਾਇਕ (ਰਿਸਪੌਂਡੈਂਟ) ਜਾਂ ਉੱਤਰਦਾਇਕਾਂ ਨੂੰ ਸ਼ਿਕਾਇਤ ਦੇ ਖਿਲਾਫ ਆਪਣੀ ਸਫਾਈ ਪੇਸ਼ ਕਰਨ ਦਾ ਮੌਕਾ ਦੇਵੇਗੀ
- ਟ੍ਰਿਬਿਊਨਲ ਮੈਂਬਰ ਨੂੰ ਦੋਨੋਂ ਧਿਰਾਂ ਨੂੰ ਸੁਣਨ ਅਤੇ ਇਹ ਫੈਸਲਾ ਕਰਨ ਦੇਵੇਗੀ ਕਿ ਕੀ ਸ਼ਿਕਾਇਤ ਜਾਇਜ਼ ਹੈ, ਅਤੇ ਜੇ ਹੈ ਤਾਂ ਉਸ ਦੇ ਢੁਕਵੇਂ ਹੱਲ ਬਾਰੇ ਫੈਸਲਾ ਕਰਨ ਦੇਵੇਗੀ।

## ਕਾਨੂੰਨੀ ਨੁਮਾਇੰਦਗੀ

ਦੋਨੋਂ ਧਿਰਾਂ ਸੁਣਵਾਈ ਵਿਚ ਕਿਸੇ ਵਕੀਲ ਜਾਂ ਏਜੰਟ ਨੂੰ ਲਿਆ ਸਕਦੀਆਂ ਹਨ। ਜੇ ਤੁਸੀਂ ਨਹੀਂ ਲਿਆਉਂਦੇ ਤਾਂ ਤੁਸੀਂ ਆਪਣੀ ਨੁਮਾਇੰਦਗੀ ਆਪ ਕਰੋਗੇ। ਸ਼ਿਕਾਇਤ ਸੁਣਨ ਵਾਲਾ ਟ੍ਰਿਬਿਊਨਲ ਦਾ ਮੈਂਬਰ ਸੁਣਵਾਈ (ਹੀਅਰਿੰਗ) ਦੀ ਕਾਰਵਾਈ ਬਾਰੇ ਦੱਸੇਗਾ ਪਰ ਉਹ ਕਾਨੂੰਨੀ ਸਲਾਹ ਨਹੀਂ ਦੇ

ਸਕਦਾ ਜਾਂ ਸ਼ਿਕਾਇਤ ਸਬੰਧੀ ਤੁਹਾਡਾ ਪੱਖ ਪੇਸ਼ ਕਰਨ ਵਿਚ ਮਦਦ ਨਹੀਂ ਕਰ ਸਕਦਾ।

## ਸੁਣਵਾਈਆਂ ਦੀ ਭੇਤਦਾਰੀ

ਇਹ ਸੁਣਵਾਈਆਂ ਆਮ ਤੌਰ ਤੇ ਲੋਕਾਂ ਲਈ ਖੁਲ੍ਹੀਆਂ ਹੁੰਦੀਆਂ ਹਨ। ਇਸ ਦਾ ਮਤਲਬ ਹੈ ਕਿ ਲੋਕ ਗਵਾਹਾਂ ਨੂੰ ਸੁਣਨ ਲਈ ਸੁਣਵਾਈ ਵਾਲੇ ਕਮਰੇ ਵਿਚ ਜਾ ਸਕਦੇ ਹਨ ਅਤੇ ਟ੍ਰਿਬਿਊਨਲ ਨੂੰ ਦਿੱਤੇ ਗਏ ਸਬੂਤਾਂ ਵਾਲੇ ਪੇਪਰ ਦੇਖ ਸਕਦੇ ਹਨ।

ਇਸ ਦਾ ਇਹ ਮਤਲਬ ਵੀ ਹੈ ਕਿ ਤੁਹਾਡਾ ਹੋਰ ਸੁਣਵਾਈਆਂ ਵਿਚ ਸੁਆਗਤ ਹੈ, ਜੇ ਤੁਸੀਂ ਆਪਣੀ ਸੁਣਵਾਈ ਲਈ ਤਿਆਰੀ ਕਰਨ ਲਈ ਸੁਣਵਾਈ ਦੀ ਕਾਰਵਾਈ ਦੇਖਣਾ ਚਾਹੁੰਦੇ ਹੋ ਅਤੇ ਇਸ ਤੋਂ ਸਿੱਖਣਾ ਚਾਹੁੰਦੇ ਹੋ। ਤਾਜ਼ਾ ਸੁਣਵਾਈਆਂ ਦੀ ਥਾਂ ਦਾ ਪਤਾ ਲਾਉਣ ਲਈ ਤੁਸੀਂ ਟ੍ਰਿਬਿਊਨਲ ਨੂੰ ਫੋਨ ਕਰ ਸਕਦੇ ਹੋ, ਜਾਂ ਸੁਣਵਾਈਆਂ ਦੀ ਹਫਤਾਵਾਰ ਸਮਾਂ ਸੂਚੀ ਦੇਖਣ ਲਈ ਹਰ ਹਫਤੇ ਤੋਂ ਪਹਿਲਾਂ ਦੇ ਸ਼ੁਕਰਵਾਰ ਨੂੰ ਟ੍ਰਿਬਿਊਨਲ ਦਾ ਵੈੱਬਸਾਈਟ ਦੇਖ ਸਕਦੇ ਹੋ। (ਪਿਛਲੇ ਪੰਨੇ ਤੇ ਸੰਪਰਕ ਕਰਨ ਬਾਰੇ ਜਾਣਕਾਰੀ ਦੇਖੋ।)

ਜੇ ਕੋਈ ਧਿਰ ਮੰਗ ਕਰੇ ਤਾਂ ਟ੍ਰਿਬਿਊਨਲ ਦਾ ਮੈਂਬਰ ਕੁਝ ਗਵਾਹੀਆਂ ਪ੍ਰਾਈਵੇਟ ਵਿਚ ਸੁਣਨ ਦਾ ਫੈਸਲਾ ਕਰ ਸਕਦਾ ਹੈ ਜਾਂ ਇਹ ਹੁਕਮ ਦੇ ਸਕਦਾ ਹੈ ਕਿ ਕੁਝ ਪੇਪਰ ਗੁਪਤ ਰੱਖੇ ਜਾਣ। ਅਜਿਹਾ ਤਾਂ ਹੀ ਹੋਵੇਗਾ ਜੇ ਟ੍ਰਿਬਿਊਨਲ ਦਾ ਮੈਂਬਰ ਇਸ ਗੱਲ ਨਾਲ ਕਾਇਲ ਹੋ ਜਾਂਦਾ ਹੈ ਕਿ ਪ੍ਰਾਈਵੇਸੀ ਦੇ ਹਿੱਤ ਲੋਕਾਂ ਵਿਚ ਸੁਣਵਾਈ ਕਰਨ ਨਾਲੋਂ ਜ਼ਿਆਦਾ ਮਹੱਤਵਪੂਰਨ ਹਨ।

## ਸੁਣਵਾਈ ਲਈ ਤਿਆਰੀ ਕਰਨਾ

ਸੁਣਵਾਈ ਲਈ ਤਿਆਰੀ ਕਰਨ ਦਾ ਸੱਭ ਤੋਂ ਮਹੱਤਵਪੂਰਨ ਹਿੱਸਾ ਇਹ ਵਿਉਂਤਬੰਦੀ ਕਰਨਾ ਹੈ ਕਿ ਆਪਣਾ ਕੇਸ ਸਾਬਤ ਕਰਨ ਲਈ ਤੁਹਾਨੂੰ ਕਿਹੜੇ ਸਬੂਤਾਂ ਦੀ ਲੋੜ ਪਵੇਗੀ।

### ਸਬੂਤ ਕੀ ਹੈ?

ਸਬੂਤ ਇਹ ਹੋ ਸਕਦੇ ਹਨ:

- **ਜ਼ਬਾਨੀ ਗਵਾਹੀ:** ਕੋਈ ਗਵਾਹ ਸੁਣਵਾਈ ਵਿਚ ਆਉਂਦਾ ਹੈ ਅਤੇ ਸਵਾਲਾਂ ਦੇ ਜਵਾਬ ਦਿੰਦਾ ਹੈ ਜਾਂ ਸਪੀਕਰ ਫੋਨ ਤੇ ਸੁਣਵਾਈ ਵਿਚ ਹਿੱਸਾ ਲੈਂਦਾ ਹੈ।
- **ਕਾਗਜ਼-ਪੱਤਰ:** ਕਾਗਜ਼-ਪੱਤਰ, ਜਿਵੇਂ ਕਿ ਤਨਖਾਹ ਦੀਆਂ ਰਸੀਦਾਂ ਜਾਂ ਚਿੱਠੀਆਂ, ਟ੍ਰਿਬਿਊਨਲ ਦੇ ਮੈਂਬਰ ਨੂੰ ਦਿੱਤੀਆਂ ਜਾਂਦੀਆਂ ਹਨ ਅਤੇ ਇਸ ਉਪਰ ਸੁਣਵਾਈ ਵਿਖੇ ਸਬੂਤ ਵਜੋਂ ਪੇਸ਼ ਕੀਤੀ ਲਿਖਤ ਦੇ ਤੌਰ ਤੇ ਠੱਪਾ ਲਾ ਲਿਆ ਜਾਂਦਾ ਹੈ।
- **ਚੀਜ਼ਾਂ:** ਕਦੇ ਕਦੇ ਗਵਾਹ ਟ੍ਰਿਬਿਊਨਲ ਦੇ ਮੈਂਬਰ ਨੂੰ ਫੋਟੋਆਂ ਵਰਗੀਆਂ ਹੋਰ ਚੀਜ਼ਾਂ ਵੀ ਦਿੰਦੇ ਹਨ - ਇਹ ਕੋਈ ਵੀ ਚੀਜ਼ ਹੋ ਸਕਦੀ ਹੈ ਜਿਹੜੀ ਤੁਹਾਡੇ ਕੇਸ ਨੂੰ ਸਾਬਤ ਕਰਦੀ ਹੋਵੇ - ਇਨ੍ਹਾਂ ਚੀਜ਼ਾਂ ਨੂੰ ਵੀ ਸੁਣਵਾਈ ਵਿਖੇ ਸਬੂਤ ਵਜੋਂ ਪੇਸ਼ ਕੀਤੀ ਚੀਜ਼ ਸਮਝਿਆ ਜਾਂਦਾ ਹੈ।
- **ਹਲਫੀਆ ਬਿਆਨ ਜਾਂ ਹੋਰ ਬਿਆਨ:** ਕਿਸੇ ਗਵਾਹ ਵਲੋਂ ਟ੍ਰਿਬਿਊਨਲ ਨੂੰ ਆਪਣੀ ਗਵਾਹੀ ਲਿਖਤੀ ਰੂਪ ਵਿਚ ਵੀ ਦਿੱਤੀ ਜਾ ਸਕਦੀ ਹੈ - ਇਹ ਕੋਈ ਬਿਆਨ ਹੋ ਸਕਦਾ ਹੈ ਜਿਵੇਂ ਕੋਈ ਚਿੱਠੀ, ਜਾਂ ਸਹੁੰ ਖਾ ਕੇ ਜਾਂ ਹਰਫ ਚੁੱਕ ਕੇ ਬਿਆਨ ਦੇ ਕੇ ਹੋ ਸਕਦਾ ਹੈ ਜਿਸ ਨੂੰ ਐਫੀਡੇਵਿਟ (ਹਲਫੀਆ ਬਿਆਨ) ਕਿਹਾ ਜਾਂਦਾ ਹੈ।
- **ਕਿਸੇ ਮਾਹਰ ਵਲੋਂ ਗਵਾਹੀ:** ਕਿਸੇ ਮਾਹਰ ਵਲੋਂ ਗਵਾਹੀ ਜਿਹੜੀ ਕਿ ਜ਼ਬਾਨੀ ਹੋ ਸਕਦੀ ਹੈ, ਹਲਫੀਆ ਬਿਆਨ ਹੋ ਸਕਦਾ ਹੈ, ਜਾਂ ਕੋਈ ਲਿਖਤੀ ਰਿਪੋਰਟ ਹੋ ਸਕਦੀ ਹੈ

### ਟ੍ਰਿਬਿਊਨਲ ਕਿਹੜੇ ਸਬੂਤ ਮਨਜ਼ੂਰ ਕਰੇਗਾ?

ਟ੍ਰਿਬਿਊਨਲ ਤਕਰੀਬਨ ਕੋਈ ਵੀ ਸਬੂਤ ਮਨਜ਼ੂਰ ਕਰ ਸਕਦਾ ਹੈ ਜਿਹੜਾ **ਢੁਕਵਾਂ** ਹੈ, ਜਿਸ ਦਾ ਮਤਲਬ ਹੈ ਕਿ ਜਿਹੜਾ ਸਬੂਤ ਸ਼ਿਕਾਇਤ ਨਾਲ ਸਬੰਧ ਰੱਖਦਾ ਹੈ ਜਾਂ ਸ਼ਿਕਾਇਤ ਦੇ ਉੱਤਰ ਨਾਲ ਸਬੰਧਿਤ ਹੈ।

ਭਾਵੇਂ ਤੁਸੀਂ ਸ਼ਿਕਾਇਤਕਰਤਾ ਹੋਵੋ ਜਾਂ ਉੱਤਰਦਾਇਕ, ਕਈ ਅਜਿਹੇ ਕਦਮ ਹਨ ਜਿਨ੍ਹਾਂ ਦੀ ਤੁਹਾਨੂੰ ਸੁਣਵਾਈ ਲਈ ਆਪਣਾ ਕੇਸ ਤਿਆਰ ਕਰਨ ਲਈ ਪਾਲਣਾ ਕਰਨੀ ਚਾਹੀਦੀ ਹੈ। ਤੁਹਾਨੂੰ:

(ਏ) ਰੂਪ-ਰੇਖਾ ਬਣਾਉਣੀ ਚਾਹੀਦੀ ਹੈ
(ਬੀ) ਆਪਣੀ ਕਹਾਣੀ ਤਿਆਰ ਕਰਨੀ ਚਾਹੀਦੀ ਹੈ
(ਸੀ) ਆਪਣੇ ਗਵਾਹਾਂ ਦੀ ਲਿਸਟ ਬਣਾਉਣੀ ਚਾਹੀਦੀ ਹੈ
(ਡੀ) ਆਪਣੇ ਗਵਾਹਾਂ ਨੂੰ ਤਿਆਰ ਕਰਨਾ ਚਾਹੀਦਾ ਹੈ
(ਈ) ਜੇ ਜ਼ਰੂਰੀ ਹੋਵੇ ਤਾਂ ਗਵਾਹਾਂ ਨੂੰ ਸੰਮਨ ਭੇਜਣੇ ਚਾਹੀਦੇ ਹਨ
(ਐੱਫ) ਆਪਣੇ ਕਾਗਜ਼-ਪੱਤਰ ਤਿਆਰ ਕਰਨੇ ਚਾਹੀਦੇ ਹਨ
(ਜੀ) ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਤੁਹਾਨੂੰ ਕਿਸੇ ਮਾਹਰ ਦੀ ਗਵਾਹੀ ਦੀ ਲੋੜ ਹੈ
(ਐੱਚ) ਆਪਣਾ ਆਰੰਭਕ ਬਿਆਨ ਲਿਖਣਾ ਚਾਹੀਦਾ ਹੈਚਾਹੀਦਾ ਹੈ
(ਆਈ) ਜੇ ਲੋੜ ਹੋਵੇ ਤਾਂ ਕਾਨੂੰਨੀ ਖੋਜ ਕਰਨੀ ਚਾਹੀਦੀ ਹੈ

## a ਰੂਪ-ਰੇਖਾ ਬਣਾਉਣਾ

ਤੁਹਾਨੂੰ ਕਿਹੜੇ ਸਬੂਤਾਂ ਦੀ ਲੋੜ ਹੈ, ਇਸ ਦੀ ਵਿਉਂਤ ਬਣਾਉਣ ਦਾ ਬਿਹਤਰ ਤਰੀਕਾ ਇਕ ਰੂਪ-ਰੇਖਾ ਤਿਆਰ ਕਰਨਾ ਹੈ।

ਇਹ ਵਿਚਾਰ ਕਰਦੇ ਹੋਏ ਸ਼ੁਰੂ ਕਰੋ:

- ਸ਼ਿਕਾਇਤ ਫਾਰਮ
- ਸ਼ਿਕਾਇਤ ਦਾ ਉੱਤਰ ਦੇਣ ਲਈ ਫਾਰਮ
- ਸ਼ਿਕਾਇਤਕਰਤਾ ਜਿਹੜਾ ਹੱਲ ਚਾਹੁੰਦਾ ਹੈ ਉਸ ਦੇ ਵੇਰਵੇ
- ਸ਼ਿਕਾਇਤਕਰਤਾ ਵਲੋਂ ਮੰਗੇ ਗਏ ਹੱਲ ਪ੍ਰਤੀ ਉੱਤਰਦਾਇਕ ਦਾ ਜਵਾਬ

*ਜੇ ਤੁਸੀਂ **ਸ਼ਿਕਾਇਤਕਰਤਾ** ਹੋ:*

ਤੁਹਾਡੇ ਕੇਸ ਦੇ ਦੋ ਹਿੱਸੇ ਹਨ:

1. ਤੁਹਾਨੂੰ ਇਹ ਜ਼ਰੂਰ ਸਾਬਤ ਕਰਨਾ ਪਵੇਗਾ ਕਿ ਉੱਤਰਦਾਇਕ ਨੇ ਮਨੁੱਖੀ ਅਧਿਕਾਰਾਂ ਦੇ ਕਾਨੂੰਨ (**ਕੋਡ**) ਦੀ ਉਲੰਘਣਾ ਕੀਤੀ ਹੈ;
2. ਤੁਹਾਨੂੰ ਇਹ ਵੀ ਜ਼ਰੂਰ ਸਾਬਤ ਕਰਨਾ ਪਵੇਗਾ ਕਿ ਵਿਤਕਰੇ ਦੇ ਨਤੀਜੇ ਵਜੋਂ ਤੁਹਾਡੇ ਨਾਲ ਕੀ ਵਾਪਰਿਆ ਤਾਂ ਜੋ ਤੁਸੀਂ ਇਹ ਦੱਸ ਸਕੋ ਕਿ ਜਿਹੜਾ ਹੱਲ ਤੁਸੀਂ ਚਾਹੁੰਦੇ ਹੋ, ਉਹ ਕਿਉਂ ਚਾਹੁੰਦੇ ਹੋ।

ਉਹ ਤੱਥ ਲਿਖੋ ਜਿਹੜੇ ਤੁਹਾਨੂੰ ਸਾਬਤ ਕਰਨ ਦੀ ਲੋੜ ਹੈ।

ਤੁਹਾਨੂੰ ਜਿਹੜੇ ਤੱਥ ਸਾਬਤ ਕਰਨ ਦੀ ਲੋੜ ਹੈ, ਕੀ ਉੱਤਰਦਾਇਕ ਉਨ੍ਹਾਂ ਵਿਚੋਂ ਕਿਸੇ ਨਾਲ ਸਹਿਮਤ ਹੋਇਆ? ਸਹਿਮਤੀ ਵਾਲੇ ਤੱਥਾਂ ਦੀ ਇਕ ਲਿਸਟ ਬਣਾਉ।

ਫਿਰ ਉਨ੍ਹਾਂ ਸਬੂਤਾਂ ਦੀ ਲਿਸਟ ਬਣਾਉ ਜਿਨ੍ਹਾਂ ਦੀ ਤੁਹਾਨੂੰ ਹਰ ਤੱਥ ਨੂੰ ਸਾਬਤ ਕਰਨ ਲਈ ਲੋੜ ਹੈ।

ਮੰਨ ਲਉ ਕਿ ਤੁਹਾਡੀ ਸ਼ਿਕਾਇਤ ਇਹ ਕਹਿੰਦੀ ਹੈ ਕਿ ਏ ਬੀ ਸੀ ਕੰਪਨੀ ਨੇ ਤੁਹਾਨੂੰ ਇਸ ਕਰਕੇ ਕੰਮ ਤੋਂ ਹਟਾਇਆ ਕਿਉਂਕਿ ਤੁਸੀਂ ਗਰਭਵਤੀ ਸੀ, ਅਤੇ ਤੁਸੀਂ ਆਪਣੀ ਤਨਖਾਹ ਦੇ ਨੁਕਸਾਨ ਲਈ ਅਤੇ ਆਪਣੇ ਮਾਣ, ਭਾਵਨਾਵਾਂ ਅਤੇ ਸਵੈ-ਆਦਰ ਨੂੰ ਲੱਗੀ ਠੇਸ ਕਾਰਨ ਪੈਸੇ ਮੰਗ ਰਹੇ ਹੋ।

ਤੁਸੀਂ ਇਸ ਤਰ੍ਹਾਂ ਦੀ ਰੂਪ-ਰੇਖਾ ਤਿਆਰ ਕਰੋਗੇ:

---

**ਤੱਥ ਨੰਬਰ 1:** ਏ ਬੀ ਸੀ ਕੰਪਨੀ ਨੇ ਮੈਨੂੰ ਕੰਮ ਤੋਂ ਹਟਾਇਆ ਕਿਉਂਕਿ ਮੈਂ ਗਰਭਵਤੀ ਸੀ।

**ਸਬੂਤ:**

- ਮੈਂ ਇਹ ਕਹਾਂਗੀ ਕਿ 10 ਜੁਲਾਈ, 2001 ਨੂੰ ਮੈਂ ਆਪਣੇ ਮੈਨੇਜਰ ਨੂੰ ਦੱਸਿਆ ਕਿ ਮੈਂ ਗਰਭਵਤੀ ਹਾਂ।
- ਏ ਬੀ ਸੀ ਕੰਪਨੀ ਇਸ ਗੱਲ ਨਾਲ ਸਹਿਮਤ ਹੈ ਕਿ ਉਨ੍ਹਾਂ ਨੇ 11 ਜੁਲਾਈ, 2001 ਨੂੰ ਮੈਨੂੰ ਕੰਮ ਤੋਂ ਹਟਾਇਆ।
- ਮੇਰਾ ਰਿਕਾਰਡ ਆਫ ਇਮਪਲੌਏਮੈਂਟ ਕਹਿੰਦਾ ਹੈ ਮੇਰੀ ਜੌਬ ਜਾਣ ਦਾ ਕਾਰਨ "ਗਰਭਵਤੀ" ਹੋਣਾ ਸੀ
- ਮੇਰੀ ਸਾਬਣ ਵਰਕਰ ਜੈਨਾ ਸਟੀਵਨਜ਼ ਇਹ ਕਹੇਗੀ ਕਿ ਮੇਰੇ ਮੈਨੇਜਰ ਨੇ ਉਸ ਨੂੰ ਦੱਸਿਆ ਸੀ ਕਿ ਮੇਰੇ ਗਰਭਵਤੀ ਹੋਣ ਕਰਕੇ ਉਸ ਨੂੰ ਕੰਮ ਤੇ ਸੇਫਟੀ ਦੀ ਚਿੰਤਾ ਸੀ।

---

**ਤੱਥ ਨੰਬਰ 2:** ਵਿਤਕਰੇ ਕਾਰਨ ਮੇਰੀਆਂ ਤਨਖਾਹਾਂ ਦਾ 5,000 ਡਾਲਰ ਨੁਕਸਾਨ ਹੋਇਆ (ਅਤੇ ਮੈਂ ਹੋਰ ਕੰਮ ਲੱਭ ਕੇ "ਆਪਣਾ ਨੁਕਸਾਨ ਘਟਾਇਆ")।

**ਸਬੂਤ:**

- ਮੇਰੀਆਂ ਤਨਖਾਹ ਦੀਆਂ ਰਸੀਦਾਂ ਇਹ ਦਿਖਾਉਂਦੀਆਂ ਹਨ ਕਿ ਮੈਂ ਹਰ ਮਹੀਨੇ 2,500 ਡਾਲਰ ਕਮਾਉਂਦੀ ਸੀ
- ਮੈਂ ਹੋਰ ਕੰਮ ਲੱਭਣ ਦੀ ਕੋਸ਼ਿਸ਼ ਕੀਤੀ - ਮੇਰੇ ਕੋਲ ਉਨ੍ਹਾਂ ਸਾਰੀਆਂ ਅਰਜ਼ੀਆਂ ਦੀਆਂ ਫੋਟੋਕਾਪੀਆਂ ਹਨ ਜਿਹੜੀਆਂ ਮੈਂ ਕੰਮ ਲਈ ਭੇਜੀਆਂ ਅਤੇ ਉਨ੍ਹਾਂ ਥਾਂਵਾਂ ਦੇ ਵੇਰਵੇ ਵੀ ਹਨ ਜਿੱਥੇ ਮੈਂ ਕੰਮ ਲੱਭਣ ਲਈ ਫੋਨ ਕੀਤਾ। ਹੋਰ ਕੰਮ ਲੱਭਣ ਲਈ ਮੈਨੂੰ ਦੋ ਮਹੀਨੇ ਲੱਗੇ।

---

**ਤੱਥ ਨੰਬਰ 3:** ਮੇਰੇ ਮਾਣ, ਭਾਵਨਾਵਾਂ ਅਤੇ ਸਵੈ-ਆਦਰ ਨੂੰ ਠੇਸ ਲੱਗੀ।

**ਸਬੂਤ:**

- ਮੈਂ ਇਹ ਕਹਾਂਗੀ ਕਿ ਮੈਂ ਇਸ ਕਰਕੇ ਬੁਹਤ ਜ਼ਿਆਦਾ ਪਰੇਸ਼ਾਨ ਸੀ ਕਿ ਏ ਬੀ ਸੀ ਕੰਪਨੀ ਨੇ ਇਹ ਨਹੀਂ ਸੋਚਿਆ ਕਿ ਮੈਂ ਗਰਭਵਤੀ ਹੋਣ ਕਰਕੇ ਵੀ ਆਪਣਾ ਕੰਮ ਕਰ ਸਕਦੀ ਸੀ।
- ਮੇਰੇ ਪਤੀ ਨੇ ਇਹ ਦੇਖਿਆ ਕਿ ਮੈਂ ਕਿੰਨੀ ਪਰੇਸ਼ਾਨ ਸੀ।

*ਜੇ ਤੁਸੀਂ **ਉੱਤਰਦਾਇਕ** ਹੋ:*

ਸੁਣਵਾਈ ਵਿਖੇ, ਤੁਹਾਨੂੰ ਸ਼ਿਕਾਇਤਕਰਤਾ ਵਲੋਂ ਦੱਸੀਆਂ ਗਈਆਂ ਗੱਲਾਂ ਨੂੰ ਚੁਣੌਤੀ ਦੇਣ ਦੀ ਲੋੜ ਹੈ। ਸ਼ਿਕਾਇਤਕਰਤਾ ਦੇ ਕੇਸ ਦੇ ਉਨ੍ਹਾਂ ਹਿੱਸਿਆਂ ਨੂੰ ਲਿਖੋ ਜਿਨ੍ਹਾਂ ਨੂੰ ਤੁਸੀਂ ਚੁਣੌਤੀ ਦੇਣਾ ਚਾਹੁੰਦੇ ਹੋ। ਫਿਰ ਉਹ ਸਬੂਤ ਲਿਖੋ ਜਿਨ੍ਹਾਂ ਦੀ ਤੁਹਾਨੂੰ ਹਰ ਹਿੱਸੇ ਨੂੰ ਚੁਣੌਤੀ ਦੇਣ ਲਈ ਲੋੜ ਹੈ।

ਜੇ ਤੁਹਾਡੇ ਕੋਲ ਸ਼ਿਕਾਇਤ ਖਿਲਾਫ ਕੋਈ ਸਫਾਈ ਪੱਖ ਹੈ ਤਾਂ ਤੁਹਾਨੂੰ ਉਹ ਸੁਣਵਾਈ ਵੇਲੇ ਸਾਬਤ ਕਰਨ ਦੀ ਲੋੜ ਪਵੇਗੀ। ਉਨ੍ਹਾਂ ਤੱਥਾਂ ਨੂੰ ਲਿਖੋ ਜਿਹੜੇ ਤੁਹਾਨੂੰ ਸਾਬਤ ਕਰਨ ਦੀ ਲੋੜ ਹੈ ਅਤੇ ਉਹ ਸਬੂਤ ਲਿਖੋ ਜਿਹੜੇ ਤੁਹਾਨੂੰ ਉਨ੍ਹਾਂ ਤੱਥਾਂ ਨੂੰ ਸਾਬਤ

ਕਰਨ ਲਈ ਚਾਹੀਦੇ ਹਨ।

ਮੰਨ ਲਉ ਕਿ ਤੁਸੀਂ ਉਸ ਸ਼ਿਕਾਇਤ ਦਾ ਉੱਤਰ ਦੇ ਰਹੇ ਹੋ ਜਿਹੜੀ ਇਹ ਕਹਿੰਦੀ ਹੈ ਕਿ ਤੁਸੀਂ ਅਯੋਗਤਾ (ਡਿਸਏਬਿਲਟੀ) ਦੇ ਆਧਾਰ ਤੇ ਕਿਸੇ ਮੁਲਾਜ਼ਮ ਨਾਲ ਵਿਤਕਰਾ ਕੀਤਾ ਹੈ। ਸ਼ਿਕਾਇਤਕਰਤਾ ਇਹ ਕਹਿੰਦਾ ਹੈ ਕਿ ਤੁਸੀਂ ਉਸ ਨੂੰ ਕਾਰਪਲ ਟਨਲ ਸਿੰਡਰੋਮ ਦੀ ਬੀਮਾਰੀ ਲੱਗਣ ਤੇ ਉਸ ਦੇ ਕੰਮ ਦੀ ਡਿਊਟੀ ਨਹੀਂ ਬਦਲੀ (ਇਹ ਮੰਗ ਕਿ ਉਹ ਆਰਡਰ ਟਾਈਪ ਕਰੇ)। ਉਹ ਕਹਿੰਦਾ ਹੈ ਕਿ ਜਦੋਂ ਉਹ ਕੰਮ ਨਾ ਕਰ ਸਕਿਆ ਤਾਂ ਤੁਸੀਂ ਉਸ ਨੂੰ ਕੰਮ ਤੋਂ ਹਟਾ ਦਿੱਤਾ।

ਮੰਨ ਲਉ ਕਿ ਤੁਸੀਂ ਇਸ ਗੱਲ ਨਾਲ ਸਹਿਮਤ ਹੋਏ ਕਿ ਸ਼ਿਕਾਇਤਕਰਤਾ ਨੂੰ ਕਾਰਪਲ ਟਨਲ ਸਿੰਡਰਮ ਸੀ ਪਰ ਤੁਸੀਂ ਕਹਿੰਦੇ ਹੋ ਕਿ ਉਸ ਨੇ ਕੰਮ ਛੱਡਿਆ। ਤੁਸੀਂ ਇਹ ਵੀ ਕਹਿ ਸਕਦੇ ਹੋ ਕਿ ਉਸ ਤੋਂ ਆਰਡਰ ਟਾਈਪ ਕਰਨ ਦੀ ਮੰਗ ਕਰਨਾ ਤੁਹਾਡੇ "ਕੰਮ ਦੀ ਪੇਸ਼ਾਵਰ ਮੰਗ ਸੀ"।

ਤੁਸੀਂ ਇਸ ਤਰ੍ਹਾਂ ਦੀ ਰੂਪ-ਰੇਖਾ ਤਿਆਰ ਕਰੋਗੇ:

---

**ਸ਼ਿਕਾਇਤਕਰਤਾ** ਦੇ ਕੇਸ ਨੂੰ ਚੁਣੌਤੀ: ਮੈਂ ਪੀਟਰ ਨੂੰ ਕੰਮ ਤੋਂ ਨਹੀਂ ਹਟਾਇਆ। ਉਸ ਨੇ ਕੰਮ ਛੱਡਿਆ।

---

**ਸਬੂਤ:**

- ਮੈਂ ਇਹ ਕਹਾਂਗਾ ਕਿ ਇਹ ਸੱਚ ਹੈ ਕਿ ਮੈਂ ਕਿਹਾ ਕਿ ਮੈਂ ਪੀਟਰ ਦੇ ਕੰਮ ਦੀਆਂ ਡਿਊਟੀਆਂ ਨਹੀਂ ਬਦਲ ਸਕਦਾ। ਮੈਂ ਇਹ ਗੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਉਹ ਕੁਝ ਸਮਾਂ ਛੁੱਟੀਆਂ ਕਰ ਲਵੇ ਪਰ ਉਹ ਬਹੁਤ ਗੁੱਸੇ ਵਿਚ ਆ ਗਿਆ। ਉਹ ਮੇਰੇ ਨਾਲ ਬਹੁਤ ਉੱਚੀ ਬੋਲਿਆ ਅਤੇ ਚਲਾ ਗਿਆ।
- ਗੈਰੀ ਜਿਹੜਾ ਨੇੜੇ ਹੀ ਕੰਮ ਕਰਦਾ ਹੈ ਇਹ ਕਹੇਗਾ ਕਿ ਉਸ ਨੇ ਬਹਿਸ ਸੁਣੀ ਸੀ।

---

**ਸਫਾਈ ਪੱਖ:** ਮੇਰੇ "ਕੰਮ ਦੀ ਪੇਸ਼ਾਵਰ ਮੰਗ" ਹੈ।

---

**ਤੱਥ:** ਮੈਨੂੰ ਇਹ ਲੋੜ ਸੀ ਕਿ ਪੀਟਰ ਆਰਡਰ ਟਾਈਪ ਕਰੇ ਕਿਉਂਕਿ ਡਲਿਵਰੀ ਬਿਜ਼ਨਸ ਨੂੰ ਕਾਰਗਰ ਤਰੀਕੇ ਨਾਲ ਚਲਾਉਣ ਲਈ ਆਰਡਰਾਂ ਦੀ ਪੈੜ ਕੰਪਿਊਟਰ ਸਿਸਟਮ ਰਾਹੀਂ ਰੱਖਣ ਦੀ ਲੋੜ ਹੈ। ਮੈਂ ਇਕ ਛੋਟੀ ਜਿਹੀ ਕੰਪਨੀ ਚਲਾਉਂਦਾ ਹਾਂ ਅਤੇ ਮੇਰੇ ਕੋਲ ਹੋਰ ਕੋਈ ਨਹੀਂ ਹੈ ਜਿਹੜਾ ਟਾਈਪ ਕਰ ਸਕਦਾ ਹੋਵੇ। ਮੈਂ ਜੋ ਵੀ ਵਾਜਬ ਹੋ ਸਕਦਾ ਸੀ ਕੀਤਾ ਕਿ ਪੀਟਰ ਕੋਲ ਉਸਦਾ ਕੰਮ ਰਹੇ।

---

**ਸਬੂਤ:**

- ਮੇਰੇ ਕੋਲ ਸਿਰਫ ਇਕ ਮੁਲਾਜ਼ਮ ਹੈ ਅਤੇ ਅੱਧਾ ਕੰਮ ਟਾਈਪਿੰਗ ਦਾ ਹੈ। ਮੇਰੇ ਖਿਆਲ ਮੁਤਾਬਕ ਪੀਟਰ ਵੀ ਇਸ ਨਾਲ ਸਹਿਮਤ ਹੋਵੇਗਾ। ਇਸ ਦੇ ਨਾਲ ਹੀ, ਮੇਰੀ ਭੈਣ ਸੁਜ਼ਨ ਇਹ ਕਹੇਗੀ ਕਿ ਜਦੋਂ ਪੀਟਰ ਛੁੱਟੀ ਤੇ ਹੁੰਦਾ ਸੀ ਤਾਂ ਉਹ ਇਹ ਕੰਮ ਕਰਦੀ ਸੀ ਅਤੇ ਉਸ ਨੂੰ ਕੰਮ ਦਾ ਪਤਾ ਹੈ।
- ਮੈਂ ਇਹ ਕਹਾਂਗਾ ਕਿ ਮੈਂ ਪੀਟਰ ਨੂੰ ਸੁਝਾਅ ਦਿੱਤਾ ਕਿ ਉਹ ਉਤਨਾ ਚਿਰ ਛੁੱਟੀ ਲੈ ਲਵੇ ਜਿੰਨਾ ਚਿਰ ਉਹ ਦੁਬਾਰਾ ਕੰਮ ਕਰਨ ਦੇ ਯੋਗ ਨਹੀਂ ਹੋ ਜਾਂਦਾ।
- ਮੈਂ ਇਹ ਕਹਾਂਗਾ ਕਿ ਮੈਂ ਕਿਸੇ ਹੋਰ ਤਰੀਕੇ ਬਾਰੇ ਨਹੀਂ ਸੋਚ ਸਕਿਆ ਜਿਹੜਾ ਕੰਮ ਕਰੇਗਾ ਅਤੇ ਫਿਰ ਪੀਟਰ ਨੇ ਕੰਮ ਛੱਡ ਦਿੱਤਾ।

---

## b ਆਪਣੀ ਕਹਾਣੀ ਤਿਆਰ ਕਰੋ

ਆਪਣੇ ਕੇਸ ਦੇ ਸ਼ਾਇਦ ਤੁਸੀਂ ਹੀ ਮੁੱਖ ਗਵਾਹ ਹੋਵੋ। ਆਪਣੀ ਕਹਾਣੀ ਦੱਸਣ ਲਈ ਤੁਸੀਂ ਜੋ ਕਹਿਣਾ ਹੈ, ਤੁਹਾਨੂੰ ਉਸ ਦੀ ਵਿਉਂਤ ਬਣਾਉਣੀ ਚਾਹੀਦੀ ਹੈ।

ਆਮ ਤੌਰ ਤੇ ਆਪਣੀ ਕਹਾਣੀ ਦੱਸਣ ਲਈ ਤਿਆਰੀ ਕਰਨ ਦਾ ਸੱਭ ਤੋਂ ਵਧੀਆ ਤਰੀਕਾ ਉਸ ਨੂੰ ਉਸੇ ਹਿਸਾਬ ਨਾਲ ਤਰਤੀਬ ਦੇਣਾ ਹੈ ਜਿਸ ਹਿਸਾਬ ਨਾਲ ਅਸਲੀ ਘਟਨਾਵਾਂ ਵਾਪਰੀਆਂ। ਇਹ ਸੋਚੋ ਕਿ ਤੁਸੀਂ ਕਿਸੇ ਹੋਰ ਵਿਅਕਤੀ ਨੂੰ ਕੇਸ ਬਾਰੇ ਕਿਵੇਂ ਦੱਸੋਗੇ ਜਿਹੜਾ ਤੁਹਾਨੂੰ ਨਹੀਂ ਜਾਣਦਾ ਜਾਂ ਇਸ ਵਿਚ ਸ਼ਾਮਲ ਦੂਜੇ ਲੋਕਾਂ ਨੂੰ ਕਿਵੇਂ ਦੱਸੋਗੇ। ਜਿਹੜੇ ਨੁਕਤਿਆਂ ਬਾਰੇ ਤੁਸੀਂ ਗੱਲ ਕਰਨਾ ਚਾਹੁੰਦੇ ਹੋ ਉਨ੍ਹਾਂ ਸਾਰਿਆਂ ਦੀ ਇਕ ਲਿਸਟ ਬਣਾ ਲਉ।

## c ਆਪਣੇ ਗਵਾਹਾਂ ਦੀ ਪਛਾਣ ਕਰੋ

ਤੁਹਾਨੂੰ ਇਹ ਫੈਸਲਾ ਕਰਨ ਦੀ ਲੋੜ ਹੈ ਕਿ ਗਵਾਹ ਦੇ ਤੌਰ ਤੇ ਤੁਸੀਂ ਕਿਸ ਨੂੰ ਸੱਦਣਾ ਚਾਹੁੰਦੇ ਹੋ। ਆਪਣੀ ਰੂਪ-ਰੇਖਾ ਤੇ ਵਿਚਾਰ ਕਰੋ। ਕੀ ਅਜਿਹੇ ਲੋਕ ਹਨ ਜਿਨ੍ਹਾਂ ਨੇ ਇਸ ਘਟਨਾ ਨੂੰ ਦੇਖਿਆ ਹੈ? ਕੀ ਅਜਿਹੇ ਲੋਕ ਹਨ ਜਿਹੜੇ ਤੁਹਾਡੇ ਵਲੋਂ ਦੱਸੇ ਘਟਨਾਵਾਂ ਦੇ ਵੇਰਵੇ ਦੀ ਤਸਦੀਕ ਕਰ ਸਕਦੇ ਹਨ? ਕੀ ਅਜਿਹੇ ਲੋਕ ਹਨ ਜਿਨ੍ਹਾਂ ਨੇ ਤੁਹਾਡੇ ਨੁਕਤੇ ਦੇ ਹੱਕ ਵਿਚ ਚਿੱਠੀਆਂ ਜਾਂ ਨੋਟ ਲਿਖੇ ਹਨ। ਤੁਹਾਨੂੰ ਇਨ੍ਹਾਂ ਲੋਕਾਂ ਨੂੰ ਗਵਾਹਾਂ ਦੇ ਤੌਰ ਤੇ ਸੱਦਣਾ ਚਾਹੀਦਾ ਹੈ।

ਉਨ੍ਹਾਂ ਲੋਕਾਂ ਬਾਰੇ ਸੋਚਣ ਦੀ ਕੋਸ਼ਿਸ਼ ਕਰੋ ਜਿਨ੍ਹਾਂ ਕੋਲ ਉਨ੍ਹਾਂ ਤੱਥਾਂ ਦੀ ਨਿੱਜੀ ਜਾਣਕਾਰੀ ਹੈ ਜਿਹੜੀ ਤੁਸੀਂ ਟ੍ਰਿਬਿਊਨਲ ਦੇ ਮੈਂਬਰ ਨੂੰ ਦੱਸਣਾ ਚਾਹੁੰਦੇ ਹੋ। ਨਿੱਜੀ ਜਾਣਕਾਰੀ ਵਾਲੇ ਲੋਕਾਂ ਦੀ ਗਵਾਹੀ ਜ਼ਿਆਦਾ ਮੰਨਣਯੋਗ ਹੈ ਅਤੇ ਇਹ ਉਨ੍ਹਾਂ ਲੋਕਾਂ ਦੀ ਗਵਾਹੀ ਨਾਲੋਂ ਤੁਹਾਡੇ ਕੇਸ ਦੀ ਜ਼ਿਆਦਾ ਮਦਦ ਕਰੇਗੀ ਜਿਹੜੇ ਟ੍ਰਿਬਿਊਨਲ ਨੂੰ ਸਿਰਫ ਉਹ ਚੀਜ਼ ਹੀ ਦੱਸ ਸਕਦੇ ਹਨ ਜਿਹੜੀ ਉਨ੍ਹਾਂ ਨੇ ਕਿਸੇ ਹੋਰ ਕੋਲੋਂ ਸੁਣੀ ਹੈ।

ਮੰਨ ਲਉ ਕਿ ਜੌਹਨ ਨੇ ਉੱਤਰਦਾਇਕ ਨੂੰ ਇਹ ਕਹਿੰਦੇ ਹੋਏ ਸੁਣਿਆ, "ਮੈਂ 50 ਸਾਲ ਤੋਂ ਜ਼ਿਆਦਾ ਉਮਰ ਦੇ ਲੋਕਾਂ ਨੂੰ ਕੰਮ ਤੇ ਨਹੀਂ ਰੱਖਦਾ", ਅਤੇ ਜੌਹਨ ਨੇ ਸੈਲੀ ਨੂੰ ਦੱਸਿਆ ਕਿ ਉਸ ਨੇ ਕੀ ਸੁਣਿਆ ਸੀ। ਤੁਹਾਨੂੰ ਸੈਲੀ ਨਾਲੋਂ ਜੌਹਨ ਦੀ ਗਵਾਹ ਵਜੋਂ ਲੋੜ ਹੈ।

## d ਆਪਣੇ ਗਵਾਹਾਂ ਨੂੰ ਤਿਆਰ ਕਰੋ

ਸੁਣਵਾਈ ਵਿਖੇ, ਤੁਸੀਂ ਆਪਣੇ ਗਵਾਹ ਤੋਂ ਉਹ ਸਵਾਲ ਪੁੱਛੋਗੇ ਜਿਨ੍ਹਾਂ ਦੇ ਜਵਾਬ ਤੁਹਾਨੂੰ ਆਪਣੇ ਕੇਸ ਨੂੰ ਸਾਬਤ ਕਰਨ ਲਈ ਚਾਹੀਦੇ ਹਨ। ਇਸ ਨੂੰ **ਡਾਇਰੈਕਟ ਇਗਜ਼ੈਮੀਨੇਸ਼ਨ** (ਸਿੱਧੀ ਪੜਤਾਲ) ਕਿਹਾ ਜਾਂਦਾ ਹੈ।

ਉਨ੍ਹਾਂ ਸਵਾਲਾਂ ਬਾਰੇ ਧਿਆਨ ਨਾਲ ਸੋਚੋ, ਜਿਹੜੇ ਤੁਹਾਨੂੰ ਚਾਹੀਦੇ ਸਬੂਤ ਲੈਣ ਲਈ ਤੁਸੀਂ ਆਪਣੇ ਗਵਾਹਾਂ ਤੋਂ ਪੁੱਛੋਗੇ। ਸਵਾਲਾਂ ਨੂੰ ਲਿਖ ਲਵੋ।

ਅਜਿਹੇ ਸਵਾਲ ਨਾ ਪੁੱਛੋ ਜਿਹੜੇ "ਸਹੀ" ਸਵਾਲ ਵੱਲ ਇਸ਼ਾਰਾ ਕਰਦੇ ਹੋਣ। ਇਨ੍ਹਾਂ ਨੂੰ "ਲੀਡਿੰਗ ਕੁਐਸਚਨਜ਼" ਕਿਹਾ ਜਾਂਦਾ ਹੈ ਅਤੇ ਸਿੱਧੀ ਪੜਤਾਲ ਵਿਚ ਇਨ੍ਹਾਂ ਤੇ ਇਤਰਾਜ਼ ਕੀਤਾ ਜਾ ਸਕਦਾ ਹੈ। ਇਸ ਦੀ ਥਾਂ ਤੇ, ਤੁਹਾਨੂੰ "ਖੁਲ੍ਹੇ ਸਵਾਲ" ਪੁੱਛਣੇ ਚਾਹੀਦੇ ਹਨ ਜਿਹੜੇ ਗਵਾਹ ਨੂੰ ਉਨ੍ਹਾਂ ਦੇ ਸਬੂਤ ਨੂੰ ਉਨ੍ਹਾਂ ਦੇ ਆਪਣੇ ਲਫਜ਼ਾਂ ਵਿਚ ਕਹਿਣ ਦੇਣ।

ਆਪਣੇ ਗਵਾਹ ਨੂੰ ਇਹ ਨਾ ਪੁੱਛੋ, "ਕੀ ਤੁਸੀਂ ਸ਼ਿਕਾਇਤਕਰਤਾ ਸਾਰਾ ਚੈਨ ਨੂੰ ਮੈਨੂੰ ਇਹ ਦੱਸਦੇ ਸੁਣਿਆ ਕਿ ਉਹ ਆਪਣੇ ਮਸਲਿਆਂ ਦੇ ਹੱਲ ਕਰਨ ਲਈ ਮੇਰੇ ਵਲੋਂ ਦੱਸੇ ਗਏ ਕਿਸੇ ਵੀ ਹੱਲ ਨਾਲ ਸਹਿਮਤ ਨਹੀਂ ਹੋਵੇਗੀ?" ਇਸ ਦੀ ਥਾਂ ਤੁਸੀਂ ਪੁੱਛ ਸਕਦੇ ਹੋ, "ਕੀ ਤੁਸੀਂ ਸਾਰਾ ਚੈਨ ਨੂੰ ਆਪਣੇ ਕੰਮ ਦੇ ਆਖਰੀ ਦਿਨ ਮੈਨੂੰ ਕੁਝ ਕਹਿੰਦੇ ਹੋਏ ਸੁਣਿਆ?" ਜੇ ਜਵਾਬ "ਹਾਂ" ਹੈ ਤਾਂ ਤੁਸੀਂ ਪੁੱਛ ਸਕਦੇ ਹੋ, "ਉਸ ਨੇ ਕੀ ਕਿਹਾ?"

ਆਪਣੇ ਗਵਾਹ ਤੋਂ ਜਿਹੜੇ ਸਵਾਲ ਪੁੱਛਣ ਦੀ ਤੁਸੀਂ ਵਿਉਂਤ ਬਣਾ ਰਹੇ ਹੋ, ਉਨ੍ਹਾਂ ਬਾਰੇ ਸੁਣਵਾਈ ਤੋਂ ਪਹਿਲਾਂ ਉਨ੍ਹਾਂ ਨਾਲ ਵਿਚਾਰ ਕਰੋ। ਤੁਸੀਂ ਉਨ੍ਹਾਂ ਨਾਲ ਕੇਸ ਬਾਰੇ ਵਿਚਾਰ ਕਰ ਸਕਦੇ ਹੋ ਪਰ ਆਪਣੇ ਗਵਾਹ ਨੂੰ ਇਹ ਨਾ ਦੱਸੋ ਕਿ ਉਹ ਕੀ ਕਹੇ।

> ਨੋਟ
> **ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਗਵਾਹ ਫੋਨ ਰਾਹੀਂ ਗਵਾਹੀ ਦੇਵੇ ਤਾਂ ਦੂਜੀ ਧਿਰ ਅਤੇ ਟ੍ਰਿਬਿਊਨਲ ਨੂੰ ਇਸ ਬਾਰੇ ਦੱਸੋ। ਜੇ ਦੂਜੀ ਧਿਰ ਇਸ ਤੇ ਇਤਰਾਜ਼ ਕਰੇ ਤਾਂ ਇਹ ਫੈਸਲਾ ਟ੍ਰਿਬਿਊਨਲ ਕਰੇਗਾ ਕਿ ਕੀ ਗਵਾਹੀ ਸਪੀਕਰ ਫੋਨ ਤੇ ਸੁਣਨੀ ਹੈ ਜਾਂ ਨਹੀਂ।**

> ਨੋਟ
> **ਗਵਾਹਾਂ ਨੂੰ ਇਹ ਕਿਹਾ ਜਾਂਦਾ ਹੈ ਉਹ ਇਹ ਹਲਫ ਲੈਣ ਕਿ ਉਹ ਜੋ ਵੀ ਦੱਸਣਗੇ ਸੱਚ ਦੱਸਣਗੇ। ਜੇ ਤੁਹਾਡਾ ਗਵਾਹ ਕਿਸੇ ਧਾਰਮਿਕ ਪੁਸਤਕ ਦੀ ਸਹੁੰ ਚੁੱਕਣੀ ਚਾਹੁੰਦਾ ਹੈ ਤਾਂ ਇਹ ਪੁਸਤਕ ਲਿਆਉਣ ਦਾ ਪ੍ਰਬੰਧ ਤੁਹਾਨੂੰ ਕਰਨਾ ਪਵੇਗਾ। ਜੇ ਤੁਸੀਂ ਹਲਫ ਲੈ ਕੇ ਵਾਅਦਾ ਕਰਨ ਦੀ ਕਾਪੀ ਅਗਾਊਂ ਦੇਖਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਟ੍ਰਿਬਿਊਨਲ ਨਾਲ ਸੰਪਰਕ ਕਰੋ।**

ਆਪਣੇ ਗਵਾਹਾਂ ਨਾਲ ਇਹ ਵਿਚਾਰ ਕਰੋ ਕਿ ਸੁਣਵਾਈ ਵਿਚ ਕੀ ਹੁੰਦਾ ਹੈ ਜਿਸ ਬਾਰੇ ਜਾਣਕਾਰੀ ਇਸ ਗਾਈਡ ਦੇ ਸਫਾ 12 ਤੋਂ ਸ਼ੁਰੂ ਹੁੰਦੀ ਹੈ।

## e ਜੇ ਜ਼ਰੂਰੀ ਹੋਵੇ ਤਾਂ ਆਪਣੇ ਗਵਾਹਾਂ ਨੂੰ ਸੰਮਨ ਭੇਜੋ

ਤੁਹਾਡੇ ਬਹੁਤੇ ਗਵਾਹ ਤੁਹਾਡੀ ਤਰਫੋਂ ਗਵਾਹੀ ਦੇਣ ਲਈ ਸੁਣਵਾਈ ਵਿਚ ਆਉਣ ਲਈ ਸ਼ਾਇਦ ਸਹਿਮਤ ਹੋ ਜਾਣਗੇ। ਪਰ, ਜੇ ਤੁਸੀਂ ਇਹ ਸੋਚਦੇ ਹੋ ਕਿ ਗਵਾਹ ਸ਼ਾਇਦ ਨਾ ਆਵੇ ਜਾਂ ਜੇ ਕੋਈ ਗਵਾਹ ਚਾਹੁੰਦਾ ਹੈ ਕਿ ਉਸ ਨੂੰ ਸੰਮਨ ਭੇਜੇ ਜਾਣ (ਉਦਾਹਰਣ ਲਈ, ਆਪਣੇ ਇਮਪਲੌਏਅਰ ਤੋਂ ਛੁੱਟੀ ਲੈਣ ਖਾਤਰ ਉਸ ਨੂੰ ਦਿਖਾਉਣ ਲਈ) ਤਾਂ ਤੁਹਾਨੂੰ ਉਨ੍ਹਾਂ ਨੂੰ ਆਰਡਰ ਟੂ ਅਟੈਂਡ ਹੀਅਰਿੰਗ ਜ਼ਰੂਰ ਦੇਣੇ ਪੈਣਗੇ।

> ਨੋਟ
> **ਟ੍ਰਿਬਿਊਨਲ ਕਿਸੇ ਨੂੰ ਬ੍ਰਿਟਿਸ਼ ਕੋਲੰਬੀਆ ਤੋਂ ਬਾਹਰ ਸੰਮਨ ਨਹੀਂ ਭੇਜ ਸਕਦਾ।**

ਤੁਸੀਂ ਟ੍ਰਿਬਿਊਨਲ ਨੂੰ ਲਿਖ ਕੇ ਆਰਡਰ ਟੂ ਅਟੈਂਡ ਹੀਅਰਿੰਗ ਲੈ ਸਕਦੇ ਹੋ। ਟ੍ਰਿਬਿਊਨਲ ਨੂੰ ਦੱਸੋ:

- ਉਸ ਵਿਅਕਤੀ ਦਾ ਨਾਂ ਅਤੇ ਐਡਰੈਸ ਜਿਸ ਨੂੰ ਤੁਸੀਂ ਗਵਾਹ ਦੇ ਤੌਰ ਤੇ ਆਪਣੀ ਸੁਣਵਾਈ ਵਿਚ ਸੱਦਣਾ ਚਾਹੁੰਦੇ ਹੋ
- ਤੁਸੀਂ ਚਾਹੁੰਦੇ ਹੋ ਕਿ ਉਹ ਵਿਅਕਤੀ ਪੇਪਰ ਜਾਂ ਹੋਰ ਚੀਜ਼ਾਂ ਨਾਲ ਲੈ ਕੇ ਆਵੇ (ਉਹ ਚੀਜ਼ਾਂ ਲਿਖੋ ਜਿਹੜੀਆਂ ਤੁਸੀਂ ਚਾਹੁੰਦੇ ਹੋ ਕਿ ਉਹ ਸੁਣਵਾਈ ਵਿਚ ਲੈ ਕੇ ਆਵੇ।

ਟ੍ਰਿਬਿਊਨਲ ਤੁਹਾਨੂੰ ਹਰ ਗਵਾਹ ਲਈ ਸੰਮਨ ਭੇਜੇਗਾ। ਇਹ ਸੰਮਨ ਗਵਾਹ ਨੂੰ "ਦੇਣ" ਦੀ ਜ਼ਿੰਮੇਵਾਰੀ ਤੁਹਾਡੀ ਹੈ। ਇਸ ਦਾ ਮਤਲਬ ਹੈ ਕਿ ਇਹ ਸੰਮਨ ਤੁਹਾਨੂੰ ਆਪ ਗਵਾਹ ਨੂੰ ਦੇਣੇ ਪੈਣਗੇ ਜਾਂ ਉਸ ਦੇ ਘਰ ਛੱਡਣੇ ਪੈਣਗੇ, ਜਾਂ ਕਿਸੇ ਹੋਰ ਵਿਅਕਤੀ ਰਾਹੀਂ ਸੰਮਨ ਪਹੁੰਚਾਉਣੇ ਪੈਣਗੇ।

ਕੋਡ ਤੁਹਾਡੇ ਤੋਂ ਇਹ ਮੰਗ ਨਹੀਂ ਕਰਦਾ ਤੁਸੀਂ ਗਵਾਹੀ ਦੇਣ ਆਉਣ ਲਈ ਗਵਾਹਾਂ ਨੂੰ ਪੈਸੇ ਦੇਵੋ। ਕੁਝ ਸਾਂਝੇ ਐਗਰੀਮੈਂਟ ਅਤੇ ਰੁਜ਼ਗਾਰ ਦੀਆਂ ਨੀਤੀਆਂ ਇਹ ਕਹਿੰਦੀਆਂ ਹਨ ਕਿ ਜੇ ਕਿਸੇ ਮੁਲਾਜ਼ਮ ਨੂੰ ਗਵਾਹੀ ਦੇਣ ਲਈ ਸੰਮਨ ਭੇਜ ਕੇ ਸੱਦਿਆ ਜਾਂਦਾ ਹੈ ਤਾਂ ਉਸ ਦੀ ਤਨਖਾਹ ਉਸ ਨੂੰ ਦਿੱਤੀ ਜਾਵੇਗੀ।

## f ਆਪਣੇ ਕਾਗਜ਼-ਪੱਤਰ ਤਿਆਰ ਕਰੋ

ਤੁਹਾਨੂੰ ਇਹ ਫੈਸਲਾ ਕਰਨ ਦੀ ਲੋੜ ਹੈ ਕਿ ਤੁਸੀਂ ਕਿਹੜੇ ਕਾਗਜ਼-ਪੱਤਰ ਟ੍ਰਿਬਿਊਨਲ ਦੇ ਮੈਂਬਰ ਨੂੰ ਦਿਖਾਉਣਾ ਚਾਹੁੰਦੇ ਹੋ। ਤੁਹਾਨੂੰ ਇਹ ਵਿਚਾਰ ਕਰਨੀ ਚਾਹੀਦੀ ਹੈ ਕਿ ਕਾਗਜ਼ਾਂ ਬਾਰੇ ਟ੍ਰਿਬਿਊਨਲ ਦੇ ਮੈਂਬਰ ਨੂੰ ਦੱਸਣ ਲਈ ਕਿਹੜਾ ਵਿਅਕਤੀ ਬਿਹਤਰ ਹੈ।

ਉਦਾਹਰਣ ਲਈ ਜੇ ਕੋਈ ਚਿੱਠੀ ਹੈ ਤਾਂ ਮੈਂਬਰ ਨੂੰ ਇਸ ਬਾਰੇ ਦੱਸਣ ਲਈ ਉਹ ਵਿਅਕਤੀ ਬਿਹਤਰ ਹੈ ਜਿਸ ਨੇ ਚਿੱਠੀ ਲਿਖੀ ਹੈ ਜਾਂ ਜਿਸ ਨੂੰ ਚਿੱਠੀ ਮਿਲੀ ਹੈ। ਉਹ ਵਿਅਕਤੀ ਟ੍ਰਿਬਿਊਨਲ ਦੇ ਮੈਂਬਰ ਲਈ ਇਹ ਕਹਿ ਕੇ ਪਛਾਣ ਕਰ ਸਕਦਾ ਹੈ ਕਿ ਉਸ ਨੇ ਇਹ ਲਿਖੀ ਹੈ, ਜਾਂ ਇਸ ਤੇ ਦਸਖਤ ਕੀਤੇ ਹਨ ਜਾਂ ਉਸ ਨੂੰ ਇਹ ਮਿਲੀ ਹੈ।

ਤੁਹਾਡੇ ਲਈ ਹਰ ਕਾਗਜ਼-ਪੱਤਰ ਦੀਆਂ ਕਈ ਕਾਪੀਆਂ ਸੁਣਵਾਈ ਵਿਚ ਲੈ ਕੇ ਆਉਣਾ ਜ਼ਰੂਰੀ ਹੈ:

- ਇਕ ਟ੍ਰਿਬਿਊਨਲ ਦੇ ਮੈਂਬਰ ਲਈ
- ਇਕ ਆਪਣੇ ਗਵਾਹ ਲਈ
- ਇਕ ਇਕ ਹਰ ਦੂਜੀ ਧਿਰ ਲਈ
- ਇਕ ਆਪਣੇ ਆਪ ਲਈ

## g ਕਿਸੇ ਮਾਹਰ ਦੀ ਗਵਾਹੀ

ਸਬੂਤ ਦੇਣ ਲਈ ਕੋਈ ਧਿਰ ਕਿਸੇ ਮਾਹਰ ਨੂੰ ਗਵਾਹ ਵਜੋਂ ਸੱਦਣਾ ਚਾਹੁੰਦੀ ਹੋ ਸਕਦੀ ਹੈ।

ਤੁਸੀਂ ਕਿਸੇ ਮਾਹਰ ਤੋਂ ਇਹ ਗਵਾਹੀ ਦਿਵਾਉਣਾ ਚਾਹ ਸਕਦੇ ਹੋ ਕਿ ਉਹ ਕਿਸੇ ਵਿਅਕਤੀ ਤੇ ਸਰੀਰਕ ਬੰਦਸ਼ਾਂ ਜਾਂ ਕਿਸੇ ਖਾਸ ਅੰਗਹੀਣਤਾ ਦੇ ਅਸਰ ਬਾਰੇ ਗਵਾਹੀ ਦੇਵੇ।

ਟ੍ਰਿਬਿਊਨਲ ਦਾ ਮੈਂਬਰ ਕਿਸੇ ਗਵਾਹ ਨੂੰ ਮਾਹਰ ਦੇ ਤੌਰ ਤੇ ਮਨਜ਼ੂਰ ਕਰ ਸਕਦਾ ਹੈ ਜੇ ਉਸ ਨੂੰ ਆਪਣੀ ਪੜ੍ਹਾਈ ਜਾਂ ਤਜਰਬੇ ਕਾਰਨ ਖਾਸ ਗਿਆਨ ਹੈ।

ਜੇ ਤੁਸੀਂ ਕਿਸੇ ਮਾਹਰ ਗਵਾਹ ਨੂੰ ਸੱਦਣ ਦਾ ਵਿਚਾਰ ਰੱਖਦੇ ਹੋ ਤਾਂ ਤੁਹਾਨੂੰ ਇਸ ਬਾਰੇ ਸੁਣਵਾਈ ਤੋਂ ਪਹਿਲਾਂ ਦੀ ਕਾਨਫਰੰਸ ਵਿਚ ਜਾਂ ਜਿੰਨਾ ਵੀ ਛੇਤੀ ਹੋ ਸਕੇ ਦੂਜੀ ਧਿਰ ਨੂੰ ਦੱਸਣਾ ਚਾਹੀਦਾ ਹੈ। ਟ੍ਰਿਬਿਊਨਲ ਦੇ ਅਮਲਾਂ ਅਤੇ ਤਰੀਕਿਆਂ ਦਾ ਨਿਯਮ, ਸਮੇਂ ਦੀਆਂ ਖਾਸ ਹੱਦਾਂ ਮਿੱਥਦਾ ਹੈ ਜਿਸ ਦੇ ਵਿਚ ਵਿਚ ਤੁਹਾਨੂੰ ਆਪਣੇ ਮਾਹਰ ਦੀ ਗਵਾਹੀ ਦਾ ਸੰਖੇਪ ਜਾਂ ਮਾਹਰ ਦੀ ਅਸਲੀ ਰਿਪੋਰਟ ਦੇਣੀ ਪਵੇਗੀ। ਜੇ ਤੁਸੀਂ ਮਾਹਰ ਦੀ ਗਵਾਹੀ ਬਾਰੇ ਟ੍ਰਿਬਿਊਨਲ ਦੇ ਨਿਯਮਾਂ ਦੀ ਕਾਪੀ ਲੈਣਾ ਚਾਹੋ ਤਾਂ ਟ੍ਰਿਬਿਊਨਲ ਨਾਲ ਸੰਪਰਕ ਕਰੋ।

## h ਆਪਣਾ ਆਰੰਭਕ ਬਿਆਨ ਦੇਣਾ

ਕੋਈ ਵੀ ਸਬੂਤ ਸੁਣਨ ਤੋਂ ਪਹਿਲਾਂ, ਟ੍ਰਿਬਿਊਨਲ ਦਾ ਮੈਂਬਰ ਦੋਨੋਂ ਧਿਰਾਂ ਨੂੰ ਆਪਣਾ **ਆਰੰਭਕ ਬਿਆਨ** ਦੇਣ ਦਾ ਮੌਕਾ ਦਿੰਦਾ ਹੈ। ਆਪਣੇ ਆਰੰਭਕ ਬਿਆਨ ਵਿਚ ਤੁਹਾਨੂੰ ਇਹ ਦੱਸਣਾ ਚਾਹੀਦਾ ਹੈ ਕਿ ਤੁਸੀਂ ਕਿਹੜੇ ਗਵਾਹ ਸੱਦੋਗੇ ਅਤੇ ਤੁਸੀਂ ਕਿਹੜੇ ਤੱਥ ਸਾਬਤ ਕਰਨ ਦਾ ਇਰਾਦਾ ਰੱਖਦੇ ਹੋ। ਆਪਣਾ ਆਰੰਭਕ ਬਿਆਨ ਤਿਆਰ ਕਰਨ ਲਈ ਤੁਸੀਂ ਆਪਣੀ ਰੂਪ-ਰੇਖਾ ਦੀ ਵਰਤੋਂ ਕਰ ਸਕਦੇ ਹੋ।

ਇਸ ਗਾਈਡ ਦੇ ਸਫਾ 4 ਵਿਚਲੀ ਉਦਾਹਰਣ ਮੁਤਾਬਕ ਸ਼ਿਕਾਇਤਕਰਤਾ ਦਾ ਆਰੰਭਕ ਬਿਆਨ ਇਸ ਤਰ੍ਹਾਂ ਦਾ ਹੋ ਸਕਦਾ ਹੈ:

ਮੈਡਮ ਚੇਅਰ, ਮੇਰੀ ਮਨੁੱਖੀ ਅਧਿਕਾਰਾਂ ਦੀ ਸ਼ਿਕਾਇਤ ਇਹ ਹੈ ਕਿ ਉੱਤਰਦਾਇਕ, ਏ ਬੀ ਸੀ ਕੰਪਨੀ ਨੇ ਕੋਡ ਦੇ ਸੈਕਸ਼ਨ 13 ਦੀ ਉਲੰਘਣਾ ਕੀਤੀ ਜਦੋਂ ਬੌਸ ਨੇ ਮੈਨੂੰ 11 ਜੁਲਾਈ ਨੂੰ ਇਸ ਕਰਕੇ ਕੰਮ ਤੋਂ ਹਟਾ ਦਿੱਤਾ ਕਿਉਂਕਿ ਮੈਂ ਗਰਭਵਤੀ ਸੀ।

ਮੈਂ ਤੁਹਾਨੂੰ ਏ ਬੀ ਸੀ ਕੰਪਨੀ ਨਾਲ ਆਪਣੇ ਰੁਜ਼ਗਾਰ ਬਾਰੇ, ਗਰਭਵਤੀ ਹੋਣ ਕਾਰਨ ਆਪਣੇ ਬੌਸ ਨਾਲ ਗੱਲਬਾਤ ਕਰਨ ਬਾਰੇ ਅਤੇ ਮੈਨੂੰ ਕੰਮ ਤੋਂ ਹਟਾਉਣ ਬਾਰੇ ਦੱਸਾਂਗੀ। ਮੈਂ ਇਹ ਵੀ ਦੱਸਾਂਗੀ ਕਿ ਆਪਣਾ ਕੰਮ ਜਾਣ ਨਾਲ ਮੈਂ ਕੀ ਕੀਤਾ, ਇਸ ਦਾ ਮੇਰੇ ਤੇ ਕੀ ਅਸਰ ਪਿਆ ਅਤੇ ਹੋਰ ਕੰਮ ਲੱਭਣ ਲਈ ਮੈਂ ਕਿਹੜੀਆਂ ਕੋਸ਼ਿਸ਼ਾਂ ਕੀਤੀਆਂ।

ਮੈਂ ਦੋ ਗਵਾਹ ਸੱਦਾਂਗੀ, ਮੇਰੀ ਸਾਥਣ ਵਰਕਰ ਜੈਨਾ ਸਟੀਵਨਜ਼ ਅਤੇ ਮੇਰਾ ਪਤੀ।

ਮੈਂ ਸਬੂਤ ਵਜੋਂ ਕਾਗਜ਼-ਪੱਤਰ ਵੀ ਪੇਸ਼ ਕਰਾਂਗੀ ਜਿਸ ਵਿਚ ਮੇਰਾ ਰਿਕਾਰਡ ਆਫ ਇਮਪਲੌਏਮੈਂਟ, ਮੇਰੀ ਤਨਖਾਹ ਦੀਆਂ ਰਸੀਦਾਂ ਅਤੇ ਕੰਮ ਲੱਭਣ ਦੀਆਂ ਮੇਰੀਆਂ ਕੋਸ਼ਿਸ਼ਾਂ ਦੇ ਸਬੂਤ ਸ਼ਾਮਲ ਹੋਣਗੇ। ਮੈਂ ਉੱਤਰਦਾਇਕ ਨੂੰ ਆਪਣੇ ਸਾਰੇ ਕਾਗਜ਼-ਪੱਤਰ ਪਹਿਲਾਂ ਹੀ ਦੇ ਦਿੱਤੇ ਹਨ।

ਮੈਂ ਤਨਖਾਹ ਦੇ ਹੋਏ ਨੁਕਸਾਨ ਦਾ 5,000 ਡਾਲਰ ਅਤੇ ਆਪਣੇ ਮਾਣ ਅਤੇ ਸਵੈ-ਆਦਰ ਨੂੰ ਪਹੁੰਚੀ ਠੇਸ ਲਈ ਐਵਾਰਡ ਮੰਗ ਰਹੀ ਹਾਂ।

ਇਸ ਗਾਈਡ ਦੇ ਸਫਾ 5 ਵਿਚਲੀ ਉਦਾਹਰਣ ਮੁਤਾਬਕ ਉੱਤਰਦਾਇਕ ਦਾ ਆਰੰਭਕ ਬਿਆਨ ਇਸ ਤਰ੍ਹਾਂ ਦਾ ਹੋ ਸਕਦਾ ਹੈ:

ਮਿਸਟਰ ਚੇਅਰ, ਮੈਂ ਸ਼ਿਕਾਇਤਕਰਤਾ ਪੀਟਰ ਜੈਫਰਸਨ ਨੂੰ ਕੰਮ ਤੋਂ ਨਹੀਂ ਹਟਾਇਆ। ਮੇਰੇ ਕੋਲ ਸੁਹਿਰਦ ਸਫਾਈ ਪੱਖ ਹੈ ਕਿ

ਮੇਰੇ ਕੰਮ ਦੀ ਇਹ ਮੰਗ ਸੀ ਕਿ ਮਿਸਟਰ ਜੈਫਰਸਨ ਆਰਡਰ ਟਾਈਪ ਕਰੇ।

ਮੈਂ ਇਹ ਸਬੂਤ ਦੇਵਾਂਗਾ ਕਿ ਆਰਡਰ ਟਾਈਪ ਕਰਨਾ ਕੰਮ ਦੀ ਜ਼ਰੂਰਤ ਸੀ, ਇਹ ਸਬੂਤ ਵੀ ਦੇਵਾਂਗਾ ਕਿ ਜਦੋਂ ਮਿਸਟਰ ਜੈਫਰਸਨ ਨੇ ਮੈਨੂੰ ਇਹ ਦੱਸਿਆ ਕਿ ਉਹ ਆਰਡਰ ਟਾਈਪ ਨਹੀਂ ਕਰ ਸਕਦਾ ਤਾਂ ਕੀ ਵਾਪਰਿਆ ਅਤੇ ਜਦੋਂ ਮਿਸਟਰ ਜੈਫਰਸਨ ਨੇ ਕੰਮ ਛੱਡਿਆ ਤਾਂ ਕੀ ਵਾਪਰਿਆ।

ਮੈਂ ਦੋ ਗਵਾਹ ਸੱਦਾਂਗਾ, ਮੇਰੀ ਭੈਣ ਸੂਜ਼ਨ ਓਜ਼ਾਕੀ, ਜਿਹੜੀ ਮਿਸਟਰ ਜੈਫਰਸਨ ਵਾਲਾ ਕੰਮ ਕਰਦੀ ਸੀ ਜਦੋਂ ਉਹ ਛੁੱਟੀ ਤੇ ਹੁੰਦਾ ਸੀ ਅਤੇ ਗੈਰੀ ਮੈਕਡੌਨਲਡ, ਜਿਹੜਾ ਮੇਰੇ ਡਲਿਵਰੀ ਦੇ ਬਿਜ਼ਨਸ ਦੇ ਨਾਲ ਦੀ ਦੁਕਾਨ ਵਿਚ ਕੰਮ ਕਰਦਾ ਹੈ।

ਮੇਰੇ ਸਬੂਤ ਇਹ ਦਰਸਾਉਣਗੇ ਕਿ ਮੈਂ ਪੀਟਰ ਨੂੰ ਕੰਮ ਤੇ ਕਾਇਮ ਰੱਖਣ ਲਈ ਵਾਜਬ ਤੌਰ ਤੇ ਜੋ ਵੀ ਹੋ ਸਕਦਾ ਸੀ ਕੀਤਾ, ਪਰ ਉਹ ਗੁੱਸੇ ਵਿਚ ਆ ਗਿਆ ਅਤੇ ਕੋਈ ਵੀ ਹੱਲ ਲੱਭਣ ਤੋਂ ਪਹਿਲਾਂ ਹੀ ਕੰਮ ਛੱਡ ਗਿਆ। ਮੈਂ ਇਹ ਮੰਗ ਕਰਦਾ ਹਾਂ ਕਿ ਸ਼ਿਕਾਇਤ ਰੱਦ ਕਰ ਦਿੱਤੀ ਜਾਵੇ।

### i ਕਾਨੂੰਨੀ ਖੋਜ

ਜੇ ਤੁਸੀਂ ਕਾਨੂੰਨੀ ਖੋਜ ਕਰਨਾ ਚਾਹੁੰਦੇ ਹੋ ਤਾਂ ਅੱਗੇ ਲਿਖੇ ਵਸੀਲਿਆਂ ਦੀ ਸਿਫਾਰਸ਼ ਕੀਤੀ ਜਾਂਦੀ ਹੈ:

ਮਨੁੱਖੀ ਅਧਿਕਾਰਾਂ ਦੇ ਫੈਸਲਿਆਂ ਅਤੇ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਬਾਰੇ ਵਿਚਾਰ-ਵਟਾਂਦਰੇ ਕੈਨੇਡੀਅਨ ਹਿਊਮਨ ਰਾਈਟਸ ਰਿਪੋਰਟਰ, ਅਤੇ ਹੋਰ ਲਿਖਤਾਂ ਵਿਚ ਲੱਭੇ ਜਾ ਸਕਦੇ ਹਨ ਜੋ ਕਿ ਵਿਕਟੋਰੀਆ, ਵੈਨਕੂਵਰ, ਪ੍ਰਿੰਸ ਜਾਰਜ, ਕੈਮਲੂਪਸ, ਕਲੋਨਾ, ਨਾਨੈਮੋ, ਨਿਊ ਵੈੱਸਟਮਨਿਸਟਰ ਦੀਆਂ ਕੋਰਟ ਹਾਊਸ ਲਾਇਬਰੇਰੀਆਂ ਵਿਚ, ਵੈਨਕੂਵਰ ਪਬਲਿਕ ਲਾਇਬਰੇਰੀ ਅਤੇ ਯੂਨੀਵਰਸਿਟੀ ਆਫ ਬੀ ਸੀ ਅਤੇ ਯੂਨੀਵਰਸਿਟੀ ਆਫ ਵਿਕਟੋਰੀਆ ਦੀਆਂ ਲਾਅ ਲਾਇਬਰੇਰੀਆਂ ਵਿਚ ਉਪਲਬਧ ਹਨ।

ਤੁਸੀਂ ਬੀ.ਸੀ. ਹਿਊਮਨ ਰਾਈਟਸ ਦੇ ਸਾਰੇ ਫੈਸਲਿਆਂ ਦੀਆਂ ਕਾਪੀਆਂ ਵੈਨਕੂਵਰ ਕੋਰਟਹਾਊਸ ਲਾਇਬਰੇਰੀ ਅਤੇ ਟ੍ਰਿਬਿਊਨਲ ਦੇ ਦਫਤਰ ਤੋਂ ਵੀ ਲੱਭ ਸਕਦੇ ਹੋ। ਟ੍ਰਿਬਿਊਨਲ ਦੇ ਫੈਸਲੇ ਟ੍ਰਿਬਿਊਨਲ ਦੇ ਵੈੱਬਸਾਈਟ ਤੋਂ ਵੀ ਦੇਖੇ ਜਾ ਸਕਦੇ ਹਨ:**www.bchrt.bc.ca**

## ਸੁਣਵਾਈ ਵਿਚ ਕੀ ਹੁੰਦਾ ਹੈ

ਸੁਣਵਾਈ ਇਕ ਅਜਿਹੇ ਕਮਰੇ ਵਿਚ ਹੁੰਦੀ ਹੈ ਜਿੱਥੇ ਮੇਜ਼ਾਂ ਨੂੰ ਅੰਗਰੇਜ਼ੀ ਦੇ ਅੱਖਰ "ਜੂ" ਦੀ ਸ਼ਕਲ ਵਿਚ ਰੱਖਿਆ ਹੁੰਦਾ ਹੈ। ਟ੍ਰਿਬਿਊਨਲ ਦਾ ਮੈਂਬਰ ਆਮ ਤੌਰ ਤੇ ਮੇਜ਼ ਦੇ ਸਿਰੇ ਤੇ ਬੈਠਦਾ ਹੈ ਅਤੇ ਇਕ ਪਾਸੇ ਸ਼ਿਕਾਇਤਕਰਤਾ ਬੈਠਦਾ ਹੈ ਅਤੇ ਦੂਜੇ ਪਾਸੇ ਉੱਤਰਦਾਇਕ ਬੈਠਦਾ ਹੈ। ਤੁਸੀਂ ਟ੍ਰਿਬਿਊਨਲ ਦੇ ਮੈਂਬਰ ਨੂੰ ਮਿਸਟਰ ਚੇਅਰ ਜਾਂ ਮੈਡਮ ਚੇਅਰ ਕਹਿ ਸਕਦੇ ਹੋ।

ਆਮ ਤੌਰ ਤੇ, ਇਕ ਟ੍ਰਿਬਿਊਨਲ ਮੈਂਬਰ ਸ਼ਿਕਾਇਤ ਦੀ ਸੁਣਵਾਈ ਕਰੇਗਾ, ਪਰ ਕੁਝ ਕੇਸਾਂ ਵਿਚ, ਤਿੰਨ ਮੈਂਬਰਾਂ ਦਾ ਪੈਨਲ ਸ਼ਿਕਾਇਤ ਦੀ ਸੁਣਵਾਈ ਕਰੇਗਾ।

ਗਰੇਟਰ ਵੈਨਕੂਵਰ ਦੀਆਂ ਸ਼ਿਕਾਇਤਾਂ ਲਈ ਸੁਣਵਾਈਆਂ ਵੈਨਕੂਵਰ ਵਿਚਲੇ ਟ੍ਰਿਬਿਊਨਲ ਦੇ ਦਫਤਰਾਂ ਵਿਚ ਹੁੰਦੀਆਂ ਹਨ। ਵੈਨਕੂਵਰ ਤੋਂ ਬਾਹਰਲੀਆਂ ਸ਼ਿਕਾਇਤਾਂ ਲਈ, ਸੁਣਵਾਈਆਂ ਟ੍ਰਿਬਿਊਨਲ ਵਲੋਂ ਲੱਭੇ ਗਏ ਕਮਰਿਆਂ ਵਿਚ ਹੋਣਗੀਆਂ ਅਤੇ ਇਹ ਆਮ ਤੌਰ ਤੇ ਉਸ ਇਲਾਕੇ ਵਿਚ ਹੀ ਹੁੰਦੀਆਂ ਹਨ ਜਿੱਥੇ ਸ਼ਿਕਾਇਤ ਪੈਦਾ ਹੋਈ ਹੈ। ਤੁਹਾਨੂੰ ਟ੍ਰਿਬਿਊਨਲ ਵਲੋਂ ਇਕ ਨੋਟਿਸ ਮਿਲੇਗਾ ਜਿਹੜਾ ਤੁਹਾਨੂੰ ਸੁਣਵਾਈ ਦੇ ਸਮੇਂ, ਤਰੀਕ ਅਤੇ ਥਾਂ ਬਾਰੇ ਦੱਸਦਾ ਹੈ। ਸੁਣਵਾਈਆਂ ਆਮ ਤੌਰ ਤੇ ਸਵੇਰ ਦੇ 9:30 ਵਜੇ ਸ਼ੁਰੂ ਹੁੰਦੀਆਂ ਹਨ ਅਤੇ ਬਾਅਦ ਦੁਪਹਿਰ 4:30 ਵਜੇ ਖਤਮ ਹੋ ਜਾਂਦੀਆਂ ਹਨ, ਜਿਸ ਵਿਚ ਸਵੇਰ ਅਤੇ ਬਾਅਦ ਦੁਪਹਿਰ ਦੀਆਂ ਬਰੇਕਾਂ ਅਤੇ ਲੰਚ ਲਈ ਇਕ ਘੰਟੇ ਦੀ ਛੁੱਟੀ ਹੁੰਦੀ ਹੈ। ਸੁਣਵਾਈ ਦੇ ਘੰਟਿਆਂ ਜਾਂ ਬਰੇਕਾਂ ਦੀ ਗਿਣਤੀ ਬਾਰੇ ਜੇ ਤੁਹਾਡੀ ਕੋਈ ਖਾਸ ਬੇਨਤੀ ਹੋਵੇ ਤਾਂ ਤੁਹਾਨੂੰ ਇਸ ਬਾਰੇ ਅਗਾਊਂ ਹੀ ਦੂਜੀ ਧਿਰ ਅਤੇ ਟ੍ਰਿਬਿਊਨਲ ਨੂੰ ਦੱਸਣਾ ਚਾਹੀਦਾ ਹੈ।

ਸੁਣਵਾਈ ਵਿਚ ਜਿਹੜੀ ਕਾਰਵਾਈ ਹੋਣੀ ਹੈ ਟ੍ਰਿਬਿਊਨਲ ਦਾ ਮੈਂਬਰ ਉਸ ਬਾਰੇ ਦੱਸਦੇ ਹੋਏ ਸ਼ੁਰੂ ਕਰੇਗਾ। ਆਮ ਤੌਰ ਤੇ ਇਹ ਕਾਰਵਾਈ ਇਸ ਤਰ੍ਹਾਂ ਹੁੰਦੀ ਹੈ:

#### ਜਾਣ-ਪਛਾਣ

ਟ੍ਰਿਬਿਊਨਲ ਦਾ ਮੈਂਬਰ ਦੋਨੋਂ ਧਿਰਾਂ ਨੂੰ ਆਪਣੀ ਜਾਣ-ਪਛਾਣ ਕਰਵਾਉਣ ਲਈ ਕਹੇਗਾ।

#### ਮੁਢਲੀਆਂ ਸਮੱਸਿਆਵਾਂ

ਜੇ ਕੋਈ ਧਿਰ ਕੋਈ ਮੁਢਲੀ ਸਮੱਸਿਆ ਉਠਾਉਂਦੀ ਹੈ ਤਾਂ ਟ੍ਰਿਬਿਊਨਲ ਦਾ ਮੈਂਬਰ ਉਸ ਦਾ ਹੱਲ ਕਰੇਗਾ।

ਕੋਈ ਧਿਰ ਮੈਂਬਰ ਨੂੰ ਇਹ ਦੱਸ ਸਕਦੀ ਹੈ ਕਿ ਉਨ੍ਹਾਂ ਦੇ ਇਕ ਗਵਾਹ ਨੂੰ ਪਰਿਵਾਰ ਵਿਚ ਕੋਈ ਜ਼ਰੂਰੀ ਕੰਮ ਆ ਪਿਆ ਹੈ ਅਤੇ ਇਸ ਕਰਕੇ ਉਹ ਆਪ ਸੁਣਵਾਈ ਵਿਚ ਆਉਣ ਦੀ ਥਾਂ ਆਪਣੀ ਗਵਾਹੀ ਟੈਲੀਫੋਨ ਰਾਹੀਂ ਦੇਣਾ ਚਾਹੇਗਾ।

## ਆਰੰਭਕ ਬਿਆਨ

ਟ੍ਰਿਬਿਊਨਲ ਦਾ ਮੈਂਬਰ ਦੋਨੋਂ ਧਿਰਾਂ ਨੂੰ ਇਹ ਸੱਦਾ ਦੇਵੇਗਾ ਕਿ ਉਹ ਆਪਣਾ ਆਰੰਭਕ ਬਿਆਨ ਦੇਣ। ਪਹਿਲਾਂ ਸ਼ਿਕਾਇਤਕਰਤਾ ਆਪਣਾ ਆਰੰਭਕ ਬਿਆਨ ਦਿੰਦਾ ਹੈ। ਫਿਰ ਉੱਤਰਦਾਇਕ ਆਪਣਾ ਬਿਆਨ ਦੇ ਸਕਦਾ ਹੈ ਜਾਂ ਉਹ ਸ਼ਿਕਾਇਤਕਰਤਾ ਵਲੋਂ ਪੇਸ਼ ਕੀਤੇ ਜਾਣ ਵਾਲੇ ਸਬੂਤਾਂ ਤੱਕ ਉਡੀਕ ਕਰ ਸਕਦਾ ਹੈ।

## ਸਬੂਤ

ਟ੍ਰਿਬਿਊਨਲ ਦਾ ਮੈਂਬਰ, ਸੁਣਵਾਈ ਵਿਚ ਸ਼ਿਕਾਇਤ ਫਾਰਮ ਅਤੇ ਸ਼ਿਕਾਇਤ ਦੇ ਉੱਤਰ ਲਈ ਫਾਰਮ ਨੂੰ ਦਿਖਾ ਕੇ ਆਪਣੀ ਕਾਰਵਾਈ ਸ਼ੁਰੂ ਕਰੇਗਾ। (ਜਿਹੜੇ ਕਾਗਜ਼ ਸਬੂਤ ਵਜੋਂ ਮਨਜ਼ੂਰ ਕੀਤੇ ਗਏ ਹਨ)।

ਟ੍ਰਿਬਿਊਨਲ ਦਾ ਮੈਂਬਰ ਸ਼ਿਕਾਇਤਕਰਤਾ ਨੂੰ ਇਹ ਸੱਦਾ ਦੇਵੇਗਾ ਕਿ ਉਹ ਆਪਣਾ ਕੇਸ ਸ਼ੁਰੂ ਕਰੇ। ਆਮ ਤੌਰ ਤੇ ਸ਼ਿਕਾਇਤਕਰਤਾ ਆਪਣੇ ਕੇਸ ਲਈ ਮੁੱਖ ਗਵਾਹ ਹੋਵੇਗਾ ਅਤੇ ਉਹ ਹੋਰ ਗਵਾਹਾਂ ਨੂੰ ਵੀ ਸੱਦ ਸਕਦਾ ਹੈ। ਹਰ ਇਕ ਗਵਾਹ ਦੀ ਗਵਾਹੀ ਖਤਮ ਹੋ ਜਾਣ ਤੋਂ ਬਾਅਦ, ਉੱਤਰਦਾਇਕ ਗਵਾਹਾਂ ਨੂੰ ਸਵਾਲ ਪੁੱਛ ਸਕਦਾ ਹੈ।

ਜਦੋਂ ਸ਼ਿਕਾਇਤਕਰਤਾ ਨੇ ਆਪਣਾ ਕੇਸ ਪੇਸ਼ ਕਰਨਾ ਮੁਕਾ ਲਿਆ ਤਾਂ ਟ੍ਰਿਬਿਊਨਲ ਦਾ ਮੈਂਬਰ ਉੱਤਰਦਾਇਕ ਨੂੰ ਸੱਦਾ ਦੇਵੇਗਾ ਕਿ ਉਹ ਆਪਣਾ ਕੇਸ ਸ਼ੁਰੂ ਕਰੇ। ਆਮ ਤੌਰ ਤੇ ਉੱਤਰਦਾਇਕ ਆਪਣੇ ਕੇਸ ਲਈ ਮੁੱਖ ਗਵਾਹ ਹੋਵੇਗਾ ਅਤੇ ਉਹ ਹੋਰ ਗਵਾਹਾਂ ਨੂੰ ਵੀ ਸੱਦ ਸਕਦਾ ਹੈ।

ਜੇ ਉੱਤਰਦਾਇਕ ਆਪਣੇ ਕੇਸ ਵਿਚ ਕੋਈ ਨਵੀਂ ਚੀਜ਼ ਪੇਸ਼ ਕਰਦਾ ਹੈ ਤਾਂ ਟ੍ਰਿਬਿਊਨਲ ਦਾ ਮੈਂਬਰ ਸ਼ਿਕਾਇਤਕਰਤਾ ਨੂੰ ਇਸ ਦਾ ਉੱਤਰ ਦੇਣ ਜਾਂ ਕਿਸੇ ਹੋਰ ਢੁਕਵੇਂ ਕਾਗਜ਼-ਪੱਤਰ ਵਿਚ ਸ਼ਾਮਲ ਕਰਨ ਦਾ ਮੌਕਾ ਦੇ ਸਕਦਾ ਹੈ (ਜਿਸ ਨੂੰ **ਰੀਬਟਲ ਐਵੀਡੈਂਸ** ਕਿਹਾ ਜਾਂਦਾ ਹੈ)।

### *ਗਵਾਹ ਬਾਹਰ ਉਡੀਕਦੇ ਹਨ*

ਸ਼ਿਕਾਇਤਕਰਤਾ ਅਤੇ ਉੱਤਰਦਾਇਕ ਤੋਂ ਬਿਨਾਂ, ਗਵਾਹ ਸੁਣਵਾਈ ਵਾਲੇ ਕਮਰੇ ਤੋਂ ਬਾਹਰ ਆਪਣੀ ਗਵਾਹੀ ਦੇਣ ਦੀ ਵਾਰੀ ਦੀ ਉਡੀਕ ਕਰਦੇ ਹਨ।

### *ਸਹੁੰ ਖਾ ਕੇ ਵਾਅਦਾ*

ਟ੍ਰਿਬਿਊਨਲ ਦਾ ਮੈਂਬਰ ਗਵਾਹ ਨੂੰ ਇਹ ਕਹੇਗਾ ਕਿ ਉਹ ਗਵਾਹੀ ਦੇਣ ਵਾਲੀ ਕੁਰਸੀ ਤੇ ਬੈਠੇ ਅਤੇ ਸਹੁੰ ਖਾ ਕੇ ਇਹ ਵਾਅਦਾ ਕਰੇ ਕਿ ਉਹ ਸੱਚ ਬੋਲੇਗਾ।
ਜੇ ਕੋਈ ਗਵਾਹ ਕਿਸੇ ਧਾਰਮਿਕ ਪੁਸਤਕ ਦੀ ਸਹੁੰ ਖਾਣਾ ਚਾਹੁੰਦਾ ਹੈ ਤਾਂ ਉਹ ਧਾਰਮਿਕ ਪੁਸਤਕ ਲਿਆਉਣ ਦੀ ਜ਼ਿੰਮੇਵਾਰੀ ਗਵਾਹ ਨੂੰ ਸੱਦਣ ਵਾਲੀ ਧਿਰ ਦੀ ਹੈ।

### *ਗਵਾਹ ਦੀ ਗਵਾਹੀ*

ਜੇ ਤੁਸੀਂ ਗਵਾਹ ਹੋ ਤਾਂ ਤੁਹਾਨੂੰ ਗਵਾਹ ਦੀ ਕੁਰਸੀ ਵਿਚ ਬੈਠਣਾ ਪਵੇਗਾ ਅਤੇ ਸੱਚ ਬੋਲਣ ਦਾ ਵਾਅਦਾ ਕਰਨਾ ਪਵੇਗਾ। ਜੇ ਤੁਸੀਂ ਨੁਮਾਇੰਦਗੀ-ਰਹਿਤ ਹੋ ਤਾਂ ਤੁਸੀਂ ਆਪਣੀ ਗਵਾਹੀ, ਟ੍ਰਿਬਿਊਨਲ ਦੇ ਮੈਂਬਰ ਨੂੰ ਆਪਣੀ ਕਹਾਣੀ ਦੱਸ ਕੇ ਦਿੰਦੇ ਹੋ। ਜੇ ਤੁਸੀਂ ਗਵਾਹ ਨੂੰ ਸੱਦਿਆ ਹੈ ਤਾਂ ਉਹ ਤੁਹਾਡੇ ਵਲੋਂ ਤਿਆਰ ਕੀਤੇ ਗਏ ਸਵਾਲਾਂ ਦੇ ਜਵਾਬ ਦੇ ਕੇ ਗਵਾਹੀ ਦਿੰਦਾ ਹੈ। ਇਸ ਨੂੰ **ਡਾਇਰੈਕਟ ਇਗਜ਼ੈਮੀਨੇਸ਼ਨ** ਕਿਹਾ ਜਾਂਦਾ ਹੈ।

### *ਕਾਗਜ਼-ਪੱਤਰ*

ਜਦੋਂ ਤੁਸੀਂ ਗਵਾਹ ਹੁੰਦੇ ਹੋ ਤਾਂ ਤੁਹਾਨੂੰ ਉਹ ਕਾਗਜ਼-ਪੱਤਰ ਟ੍ਰਿਬਿਊਨਲ ਦੇ ਮੈਂਬਰ ਨੂੰ ਜ਼ਰੂਰ ਦੇਣੇ ਪੈਣਗੇ ਜਿਹੜੇ ਤੁਹਾਡੇ ਕੇਸ ਮੁਤਾਬਕ ਢੁਕਵੇਂ ਹਨ।

ਜੇ ਤੁਸੀਂ ਇਹ ਫੈਸਲਾ ਕੀਤਾ ਕਿ ਕਿਸੇ ਕਾਗਜ਼ ਬਾਰੇ ਟ੍ਰਿਬਿਊਨਲ ਦੇ ਮੈਂਬਰ ਨੂੰ ਦੱਸਣ ਲਈ ਕੋਈ ਹੋਰ ਗਵਾਹ ਬਿਹਤਰ ਹੈ ਤਾਂ ਤੁਸੀਂ ਉਹ ਕਾਗਜ਼ (ਟ੍ਰਿਬਿਊਨਲ ਦੇ ਮੈਂਬਰ, ਗਵਾਹ ਅਤੇ ਦੂਜੀ ਧਿਰ ਨੂੰ) ਦੇ ਦੇਵੋਗੇ ਜਦੋਂ ਗਵਾਹ ਆਪਣੀ ਗਵਾਹੀ ਦੇ ਰਿਹਾ ਹੈ। ਤੁਸੀਂ ਗਵਾਹ ਨੂੰ ਕਹਿੰਦੇ ਹੋ ਕਿ ਉਹ ਕਾਗਜ਼ ਦੀ ਪਛਾਣ ਕਰੇ ਅਤੇ ਫਿਰ ਉਸ ਤੋਂ ਕਾਗਜ਼ ਬਾਰੇ ਆਪਣੇ ਸਵਾਲ ਪੁੱਛਦੇ ਹੋ।

ਜਿਨ੍ਹਾਂ ਕਾਗਜ਼-ਪੱਤਰਾਂ (ਜਾਂ ਹੋਰ ਚੀਜ਼ਾਂ) ਨੂੰ ਟ੍ਰਿਬਿਊਨਲ ਦਾ ਮੈਂਬਰ ਸਬੂਤ ਵਜੋਂ ਮਨਜ਼ੂਰ ਕਰਦਾ ਹੈ ਉਨ੍ਹਾਂ ਦੀ ਇਕ ਲਿਸਟ ਕੋਲ ਰੱਖੋ। ਇਹ ਇਸ ਕਰਕੇ ਹੈ ਕਿਉਂਕਿ ਮੈਂਬਰ ਜਾਂ ਧਿਰਾਂ ਉਸ ਕਾਗਜ਼-ਪੱਤਰ ਨੂੰ ਸਬੂਤ ਵਜੋਂ ਪੇਸ਼ ਕੀਤੀ **ਚੀਜ਼ ਦੇ ਨੰਬਰ** ਨਾਲ ਜਾਣ ਸਕਦੇ ਹਨ।

### *ਜਿਰ੍ਹਾ*

ਕਿਸੇ ਗਵਾਹ ਵਲੋਂ ਆਪਣੀ ਕਹਾਣੀ ਦੱਸ ਲੈਣ ਤੋਂ ਬਾਅਦ, ਟ੍ਰਿਬਿਊਨਲ ਦਾ ਮੈਂਬਰ ਉਸ ਨੂੰ ਕਹੇਗਾ ਕਿ ਉਹ ਵਿਰੋਧੀ ਧਿਰ ਜਾਂ ਉਨ੍ਹਾਂ ਦੇ ਵਕੀਲ ਜਾਂ ਏਜੰਟ ਵਲੋਂ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਦੇਵੇ। ਇਸ ਨੂੰ **ਕਰੌਸ-ਇਗਜ਼ੈਮੀਨੇਸ਼ਨ** (ਜਿਰ੍ਹਾ) ਆਖਿਆ ਜਾਂਦਾ ਹੈ।

ਜਿਰ੍ਹਾ ਵਿਚ ਸਹੀ ਉੱਤਰ ਦਾ ਸੁਝਾਅ ਦੇਣ ਵਾਲੇ ਸਵਾਲ ਪੁੱਛਣ ਦੀ ਆਗਿਆ ਹੈ।

ਸਵਾਲ: "ਤੁਸੀਂ ਅਸਲ ਵਿਚ ਇਹ ਨਹੀਂ ਸੁਣ ਸਕੇ ਕਿ ਮਿਸਟਰ ਸਿੰਘ ਨੇ ਕੀ ਕਿਹਾ ਕਿਉਂਕਿ ਫੈਕਟਰੀ ਵਿਚ ਸ਼ੋਰ ਸੀ, ਠੀਕ?"

### *ਉੱਤਰ*

ਜੇ ਜਿਰ੍ਹਾ ਨੇ ਕੋਈ ਨਵਾਂ ਪ੍ਰਸ਼ਨ ਖੜ੍ਹਾ ਕਰ ਦਿੱਤਾ ਹੈ ਤਾਂ ਟ੍ਰਿਬਿਊਨਲ ਦਾ ਮੈਂਬਰ ਤੁਹਾਨੂੰ ਕੁਝ ਹੋਰ ਸੁਆਲ ਪੁੱਛਣ ਲਈ ਸੱਦਾ ਦੇਵੇਗਾ ਜਿਸ ਬਾਰੇ ਤੁਸੀਂ ਗੱਲ ਕਰਨਾ ਚਾਹੁੰਦੇ ਹੋ। ਇਨ੍ਹਾਂ ਸਵਾਲਾਂ ਨੂੰ **ਰਿਪਲਾਈ** ਕਿਹਾ ਜਾਂਦਾ ਹੈ। ਜੇ ਤੁਸੀਂ ਗਵਾਹ ਹੋ ਤਾਂ ਤੁਸੀਂ ਕੁਝ ਹੋਰ ਟਿੱਪਣੀਆਂ ਵੀ ਕਰ ਸਕਦੇ ਹੋ।

### *ਟ੍ਰਿਬਿਊਨਲ ਦੇ ਮੈਂਬਰ ਦੇ ਸਵਾਲ*

ਟ੍ਰਿਬਿਊਨਲ ਦਾ ਮੈਂਬਰ ਵੀ ਇਹ ਪੱਕਾ ਕਰਨ ਲਈ ਗਵਾਹ ਨੂੰ ਕੁਝ ਸਵਾਲ ਪੁੱਛ ਸਕਦਾ ਹੈ ਕਿ ਟ੍ਰਿਬਿਊਨਲ ਦੇ ਮੈਂਬਰ ਨੇ ਗਵਾਹ ਦੀ ਗਵਾਹੀ ਨੂੰ ਸਮਝ ਲਿਆ ਹੈ। ਫਿਰ, ਦੋਨਾਂ ਧਿਰਾਂ ਨੂੰ ਕੋਈ ਵੀ ਸਵਾਲ ਪੁੱਛਣ ਦਾ ਮੌਕਾ ਦਿੱਤਾ ਜਾਵੇਗਾ ਜਿਹੜਾ ਟ੍ਰਿਬਿਊਨਲ ਦੇ ਮੈਂਬਰ ਦੇ ਸਵਾਲਾਂ ਨਾਲ ਸਬੰਧਿਤ ਹੈ।

## ਇਤਰਾਜ਼

ਜੇ ਕੋਈ ਧਿਰ ਇਹ ਯਕੀਨ ਕਰਦੀ ਹੈ ਕਿ ਟ੍ਰਿਬਿਊਨਲ ਨੂੰ ਕੋਈ ਖਾਸ ਸਬੂਤ ਮਨਜ਼ੂਰ ਨਹੀਂ ਕਰਨੇ ਚਾਹੀਦੇ ਤਾਂ ਉਹ ਇਤਰਾਜ਼ ਕਰ ਸਕਦੇ ਹਨ। ਤੁਸੀਂ ਕਾਰਵਾਈ ਦੌਰਾਨ “ਆਈ ਓਬਜੈਕਟ” ਬੋਲ ਕੇ ਟ੍ਰਿਬਿਊਨਲ ਦੇ ਮੈਂਬਰ ਨੂੰ ਇਹ ਦੱਸ ਸਕਦੇ ਹੋ ਕਿ ਤੁਹਾਨੂੰ ਕੁਝ ਗੱਲਾਂ ਨਾਲ ਇਤਰਾਜ਼ ਹੈ। ਟ੍ਰਿਬਿਊਨਲ ਦਾ ਮੈਂਬਰ ਤੁਹਾਨੂੰ ਇਹ ਪੁੱਛੇਗਾ ਕਿ ਤੁਸੀਂ ਇਤਰਾਜ਼ ਕਿਉਂ ਕਰ ਰਹੇ ਹੋ। ਇਤਰਾਜ਼ ਦਾ ਸੱਭ ਤੋਂ ਆਮ ਪ੍ਰਚਲਤ ਕਾਰਨ ਇਹ ਹੁੰਦਾ ਹੈ ਜਾਣਕਾਰੀ ਦਾ ਉਸ ਕੇਸ ਨਾਲ ਕੋਈ ਸਬੰਧ ਨਹੀਂ ਹੈ (ਇਹ **ਢੁਕਵੀਂ** ਨਹੀਂ ਹੈ)।

ਤੁਹਾਨੂੰ ਇਹ ਕਹਿਣ ਦਾ ਮੌਕਾ ਮਿਲ ਜਾਣ ਤੋਂ ਬਾਅਦ ਕਿ ਤੁਸੀਂ ਕਿਉਂ ਸੋਚਦੇ ਹੋ ਕਿ ਟ੍ਰਿਬਿਊਨਲ ਦੇ ਮੈਂਬਰ ਨੂੰ ਜਾਣਕਾਰੀ ਦੇਣ ਦੀ ਆਗਿਆ ਨਹੀਂ ਦੇਣੀ ਚਾਹੀਦੀ, ਦੂਜੀ ਧਿਰ ਨੂੰ ਇਹ ਦੱਸਣ ਲਈ ਕਿਹਾ ਜਾਵੇਗਾ ਕਿ ਇਹ ਜਾਣਕਾਰੀ ਕਿਉਂ ਮਨਜ਼ੂਰ ਕੀਤੀ ਜਾਵੇ। ਦੂਜੀ ਧਿਰ ਨੇ ਜੋ ਕਿਹਾ ਹੈ ਤਹਾਨੂੰ ਉਸ ਦਾ ਜਵਾਬ ਦੇਣ ਦਾ ਮੌਕਾ ਦਿੱਤਾ ਜਾਵੇਗਾ।

ਦੋਨੋਂ ਧਿਰਾਂ ਨੂੰ ਸੁਣਨ ਤੋਂ ਬਾਅਦ, ਟ੍ਰਿਬਿਊਨਲ ਦਾ ਮੈਂਬਰ ਇਤਰਾਜ਼ ਬਾਰੇ ਫੈਸਲਾ ਦੇਵੇਗਾ – ਇਹ ਫੈਸਲਾ ਕਰੇਗਾ ਕਿ ਕੀ ਸਬੂਤ ਨੂੰ ਮਨਜ਼ੂਰ ਕਰਨਾ ਹੈ ਜਾਂ ਬਾਹਰ ਰੱਖਣਾ ਹੈ।

## ਜੇ ਗਵਾਹ ਸੁਣਵਾਈ ਵਿਚ ਨਾ ਆਵੇ ਤਾਂ ਕੀ ਹੋਵੇਗਾ?

ਜੇ ਕੋਈ ਗਵਾਹ ਸੁਣਵਾਈ ਵਿਚ ਨਹੀਂ ਆਉਂਦਾ ਤਾਂ ਉਸ ਦੀ ਗੈਰਹਾਜ਼ਰੀ ਸਬੰਧੀ ਟ੍ਰਿਬਿਊਨਲ ਵਲੋਂ ਕੋਈ ਕਦਮ ਚੁੱਕਣ ਤੋਂ ਪਹਿਲਾਂ ਤੁਹਾਨੂੰ ਇਹ ਸਾਬਤ ਕਰਨ ਦੀ ਲੋੜ ਪਵੇਗੀ ਕਿ ਤੁਸੀਂ ਗਵਾਹ ਨੂੰ ਆਰਡਰ ਟੂ ਅਟੈਂਡ ਹੀਅਰਿੰਗ ਦਿੱਤੇ ਹਨ। ਜੇ ਤੁਸੀਂ ਗਵਾਹ ਨੂੰ ਸੰਮਨ ਦਿੱਤੇ ਹਨ ਤਾਂ ਤੁਸੀਂ ਅਜਿਹਾ ਸਹੁੰ ਖਾ ਕੇ ਕਹੋਗੇ। ਤੁਸੀਂ ਇਹ ਕਹਿਣ ਦੇ ਯੋਗ ਹੋਣੇ ਚਾਹੀਦੇ ਹੋ ਕਿ ਕਿਹੜੀ ਤਰੀਕ ਅਤੇ ਥਾਂ ਤੇ ਤੁਸੀਂ ਗਵਾਹ ਨੂੰ ਸੰਮਨ ਦਿੱਤੇ ਹਨ। ਜੇ ਤੁਸੀਂ ਗਵਾਹ ਨੂੰ ਨਿੱਜੀ ਤੌਰ ਤੇ ਨਹੀਂ ਜਾਣਦੇ ਤਾਂ ਤੁਸੀਂ ਇਹ ਕਹਿਣ ਦੇ ਯੋਗ ਹੋਣੇ ਚਾਹੀਦੇ ਹੋ ਕਿ ਤੁਸੀਂ ਉਸ ਦੀ ਪਛਾਣ ਕਿਵੇਂ ਕੀਤੀ। (ਉਦਾਹਰਣ ਲਈ, ਤੁਸੀਂ ਉਸ ਦਾ ਡਰਾਈਵਿੰਗ ਲਾਇਸੰਸ ਦੇਖਿਆ।) ਜੇ ਕਿਸੇ ਹੋਰ ਨੇ ਸੰਮਨ ਦਿੱਤੇ ਹਨ ਤਾਂ ਉਸ ਵਿਅਕਤੀ ਲਈ ਆਮ ਕਾਰਵਾਈ “ਐਫੀਡੇਵਿਟ ਆਫ ਸਰਵਿਸ” ਪ੍ਰਦਾਨ ਕਰਨਾ ਹੈ।

## ਆਖਰੀ ਦਲੀਲਬਾਜ਼ੀ

ਸਾਰੇ ਗਵਾਹਾਂ ਵਲੋਂ ਗਵਾਹੀ ਮੁਕਾ ਲੈਣ ਤੋਂ ਬਾਅਦ, ਟ੍ਰਿਬਿਊਨਲ ਦਾ ਮੈਂਬਰ ਦੋਨੋਂ ਧਿਰਾਂ ਨੂੰ ਕਹੇਗਾ ਕਿ ਉਹ ਆਖਰੀ ਦਲੀਲ (ਕਲੋਜ਼ਿੰਗ ਆਰਗੂਮੈਂਟ) ਦੇਣ।

**ਆਖਰੀ ਦਲੀਲ** ਸੰਖੇਪ ਵਿਚ ਉਸ ਗਵਾਹੀ ਬਾਰੇ ਦੱਸਦੀ ਹੈ ਜਿਹੜੀ ਟ੍ਰਿਬਿਊਨਲ ਦੇ ਮੈਂਬਰ ਨੇ ਸੁਣਵਾਈ ਵੇਲੇ ਸੁਣੀ ਹੈ ਅਤੇ ਜਿਹੜੀ ਤੁਹਾਡੇ ਕੇਸ ਦੇ ਹੱਕ ਵਿਚ ਹੈ। ਇਸ ਵਿਚ ਅਕਸਰ ਮਨੁੱਖੀ ਅਧਿਕਾਰਾਂ ਦੇ ਹੋਰ ਕੇਸਾਂ ਦਾ ਵੇਰਵਾ ਸ਼ਾਮਲ ਹੁੰਦਾ ਹੈ, ਜਿਹੜਾ ਮੌਜੂਦਾ ਕੇਸ ਵਰਗਾ ਹੈ ਅਤੇ ਤੁਹਾਡੇ ਨੁਕਤੇ ਦੀ ਹਿਮਾਇਤ ਕਰਦਾ ਹੈ।

ਆਖਰੀ ਦਲੀਲ ਲਿਖੀ ਹੋਈ ਹੋ ਸਕਦੀ ਹੈ ਅਤੇ ਟ੍ਰਿਬਿਊਨਲ ਦੇ ਮੈਂਬਰ ਨੂੰ ਪੜ੍ਹ ਕੇ ਸੁਣਾਈ ਜਾ ਸਕਦੀ ਹੈ ਜਾਂ ਉਸ ਨੂੰ ਦਿੱਤੀ ਜਾ ਸਕਦੀ ਹੈ।

ਜੇ ਤੁਸੀਂ ਸੁਣਵਾਈ ਵਿਚ ਆਪਣੀ ਨੁਮਾਇੰਦਗੀ ਆਪ ਕਰ ਰਹੇ ਹੋ ਤਾਂ ਟ੍ਰਿਬਿਊਨਲ ਦਾ ਮੈਂਬਰ ਇਹ ਸਮਝੇਗਾ ਕਿ ਤੁਹਾਡੇ ਤੋਂ ਕਾਨੂੰਨੀ ਦਲੀਲਬਾਜ਼ੀ ਕਰਨ ਦੀ ਆਸ ਨਹੀਂ ਰੱਖੀ ਜਾ ਸਕਦੀ ਜਿਹੜੀ ਕਿ ਕਿਸੇ ਵਕੀਲ ਵਲੋਂ ਪੇਸ਼ ਕੀਤੀ ਜਾ ਸਕਦੀ ਹੈ। ਟ੍ਰਿਬਿਊਨਲ ਦਾ ਮੈਂਬਰ ਤੁਹਾਡੇ ਕੇਸ ਨਾਲ ਸਬੰਧਿਤ ਕਾਨੂੰਨ ਤੇ ਵਿਚਾਰ ਕਰੇਗਾ ਭਾਵੇਂ ਤੁਸੀਂ ਖਾਸ ਤੌਰ

ਤੇ ਇਸ ਦਾ ਜ਼ਿਕਰ ਕੀਤਾ ਹੈ ਜਾਂ ਨਹੀਂ। ਜੇ ਤੁਸੀਂ ਟ੍ਰਿਬਿਊਨਲ ਦੇ ਕਿਸੇ ਪਹਿਲੇ ਫੈਸਲੇ, ਮਨੁੱਖੀ ਅਧਿਕਾਰਾਂ ਦੇ ਕਿਸੇ ਹੋਰ ਟ੍ਰਿਬਿਊਨਲ ਦੇ ਫੈਸਲੇ ਜਾਂ ਅਦਾਲਤ ਦੇ ਕਿਸੇ ਫੈਸਲੇ ਦਾ ਹਵਾਲਾ ਦੇਣਾ ਚਾਹੁੰਦੇ ਹੋ ਤਾਂ ਦੂਜੀ ਧਿਰ ਅਤੇ ਟ੍ਰਿਬਿਊਨਲ ਦੇ ਮੈਂਬਰ ਨੂੰ ਦੇਣ ਲਈ ਤੁਹਾਡੇ ਕੋਲ ਉਸ ਫੈਸਲੇ ਦੀ ਕਾਪੀ ਹੋਣੀ ਚਾਹੀਦੀ ਹੈ।

ਕੁਝ ਫੈਸਲੇ ਅਜਿਹੇ ਹਨ ਜਿਨ੍ਹਾਂ ਦੀ ਤੁਹਾਨੂੰ ਫੋਟੋਕਾਪੀ ਕਰਨ ਅਤੇ ਟ੍ਰਿਬਿਊਨਲ ਦੇ ਮੈਂਬਰ ਨੂੰ ਦੇਣ ਦੀ ਲੋੜ ਨਹੀਂ ਹੈ। ਫੈਸਲਿਆਂ ਦੀ ਉਸ ਲਿਸਟ ਲਈ ਤੁਸੀਂ ਟ੍ਰਿਬਿਊਨਲ ਨਾਲ ਸੰਪਰਕ ਕਰ ਸਕਦੇ ਹੋ।

ਜੇ ਤੁਸੀਂ ਸ਼ਿਕਾਇਤਕਰਤਾ ਹੋ ਤਾਂ ਤੁਹਾਨੂੰ ਟ੍ਰਿਬਿਊਨਲ ਦੇ ਮੈਂਬਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਤੁਸੀਂ ਕਿਉਂ ਸੋਚਦੇ ਹੋ ਕਿ ਕਾਨੂੰਨ ਦੀ ਉਲੰਘਣਾ ਹੋਈ ਹੈ ਅਤੇ ਤੁਹਾਡੇ ਖਿਆਲ ਮੁਤਾਬਕ ਤੁਹਾਡੇ ਸਬੂਤ ਤੁਹਾਡੇ ਕੇਸ ਦੇ ਕਿਸ ਤਰ੍ਹਾਂ ਹੱਕ ਵਿਚ ਹਨ। ਤੁਹਾਨੂੰ ਇਹ ਕਹਿ ਕੇ ਗੱਲ ਮਕਾਉਣੀ ਚਾਹੀਦੀ ਹੈ ਕਿ ਤੁਹਾਡੇ ਖਿਆਲ ਮੁਤਾਬਕ ਤੁਹਾਡੇ ਲਈ ਕਿਹੜਾ ਹੱਲ ਢੁਕਵਾਂ ਹੈ।

ਜੇ ਤੁਸੀਂ ਉੱਤਰਦਾਇਕ ਹੋ ਤਾਂ ਤੁਹਾਨੂੰ ਟ੍ਰਿਬਿਊਨਲ ਦੇ ਮੈਂਬਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਤੁਸੀਂ ਕਿਉਂ ਸੋਚਦੇ ਹੋ ਕਿ ਸ਼ਿਕਾਇਤਕਰਤਾ ਕਾਨੂੰਨ ਦੀ ਉਲੰਘਣਾ ਨੂੰ ਸਾਬਤ ਨਹੀਂ ਕਰ ਸਕਿਆ ਅਤੇ/ਜਾਂ ਕਿ ਤੁਸੀਂ ਵਿਤਕਰੇ ਦੀ ਸ਼ਿਕਾਇਤ ਖਿਲਾਫ ਆਪਣਾ ਸਫਾਈ ਪੱਖ ਸਾਬਤ ਕਰ ਦਿੱਤਾ ਹੈ। ਤੁਹਾਨੂੰ ਸ਼ਿਕਾਇਤਰਤਾ ਵਲੋਂ ਮੰਗੇ ਜਾਂਦੇ ਹੱਲ ਬਾਰੇ ਆਪਣਾ ਨਜ਼ਰੀਆ ਦੱਸ ਕੇ ਆਪਣੀ ਗੱਲ ਮਕਾਉਣੀ ਚਾਹੀਦੀ ਹੈ।

ਦੋਨੋਂ ਧਿਰਾਂ ਨੂੰ ਇਹ ਕਹਿਣ ਦੀ ਲੋੜ ਵੀ ਪੈ ਸਕਦੀ ਹੈ ਕਿ ਟ੍ਰਿਬਿਊਨਲ ਦੇ ਮੈਂਬਰ ਨੂੰ ਉਨ੍ਹਾਂ ਦੇ ਗਵਾਹਾਂ ਤੇ ਯਕੀਨ ਕਿਉਂ ਕਰਨਾ ਚਾਹੀਦਾ ਹੈ ਅਤੇ ਕਿਉਂ ਵਿਰੋਧੀ ਧਿਰ ਦੇ ਗਵਾਹਾਂ ਤੇ ਯਕੀਨ ਨਹੀਂ ਕਰਨਾ ਚਾਹੀਦਾ।

## ਫੈਸਲੇ ਦੀ ਆਸ ਕਦੋਂ ਰੱਖਣੀ ਹੈ

ਆਖਰੀ ਦਲੀਲਬਾਜ਼ੀ ਤੋਂ ਬਾਅਦ, ਟ੍ਰਿਬਿਊਨਲ ਦਾ ਮੈਂਬਰ ਜ਼ਬਾਨੀ ਫੈਸਲਾ ਦੇ ਸਕਦਾ ਹੈ ਜਾਂ ਲਿਖਤੀ ਫੈਸਲੇ ਲਈ ਤਿਆਰੀ ਕਰਨ ਲਈ ਕਾਰਵਾਈ ਮੁਲਤਵੀ ਕਰ ਸਕਦਾ ਹੈ।

ਟ੍ਰਿਬਿਊਨਲ ਦਾ ਮੈਂਬਰ ਸ਼ਿਕਾਇਤ ਨੂੰ ਰੱਦ ਕਰ ਦੇਵੇਗਾ ਜੇ ਉਸ ਨੂੰ ਲੱਗੇ ਕਿ ਇਹ ਜਾਇਜ਼ ਨਹੀਂ ਹੈ। ਜੇ ਟ੍ਰਿਬਿਊਨਲ ਦੇ ਮੈਂਬਰ ਨੂੰ ਲੱਗੇ ਕਿ ਸ਼ਿਕਾਇਤ ਜਾਇਜ਼ ਹੈ ਤਾਂ ਉਹ ਸ਼ਿਕਾਇਤਕਰਤਾ ਲਈ ਕਿਸੇ ਹੱਲ ਦਾ ਹੁਕਮ ਦੇਵੇਗਾ।

ਫੈਸਲੇ ਨੂੰ ਪਬਲਿਕ ਕਰਨ ਤੋਂ ਪਹਿਲਾਂ ਟ੍ਰਿਬਿਊਨਲ ਦੋਨੋਂ ਧਿਰਾਂ ਨੂੰ ਫੈਸਲੇ ਦੀਆਂ ਕਾਪੀਆਂ ਦੇਵੇਗਾ।

ਕੇਸ ਦੀ ਗੁੰਝਲਤਾ ਮੁਤਾਬਕ, ਦੋਨੋਂ ਧਿਰਾਂ ਨੂੰ ਲਿਖਤੀ ਫੈਸਲਾ ਲੈਣ ਲਈ ਕਈ ਮਹੀਨੇ ਉਡੀਕ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

ਟ੍ਰਿਬਿਊਨਲ ਦੇ ਫੈਸਲੇ ਟ੍ਰਿਬਿਊਨਲ ਦੇ ਵੈੱਬਸਾਈਟ ਤੇ ਰੱਖੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਅਕਸਰ ਕਾਨੂੰਨੀ ਰਿਪੋਰਟਰ, ਜਿਵੇਂ ਕਿ ਕੁਐਕਲਾਅ, ਅਤੇ ਕੈਨੇਡੀਅਨ ਹਿਊਮਨ ਰਾਈਟਸ ਰਿਪੋਰਟਰ, ਰਿਪੋਰਟ ਕਰਦੇ ਹਨ ਜਿਸ ਵਿਚ ਉਨ੍ਹਾਂ ਦੇ ਵੈੱਬਸਾਈਟ ਵੀ ਸ਼ਾਮਲ ਹਨ।

## ਹੋਰ ਮਦਦ ਕਿੱਥੋਂ ਲੈਣੀ ਹੈ

ਜੇ ਤੁਹਾਨੂੰ ਮਦਦ ਜਾਂ ਕਾਨੂੰਨੀ ਸਲਾਹ ਦੀ ਲੋੜ ਹੈ ਤਾਂ ਤੁਹਾਨੂੰ ਕਿਸੇ ਵਕੀਲ ਜਾਂ ਤਜਰਬੇਕਾਰ ਸਲਾਹਕਾਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਅੱਗੇ ਲਿਖਿਆਂ ਤੋਂ ਵੀ ਸਹਾਇਤਾ ਮਿਲ ਸਕਦੀ ਹੈ:

### ਬੀ ਸੀ ਹਿਊਮਨ ਰਾਈਟਸ ਕਲਿਨਿਕ

ਵੈਨਕੂਵਰ ਇਲਾਕਾ
Suite 1202-510 West Hastings St.
Vancouver, BC V6B 1L8
ਫੋਨ: (604) 689-8474
ਫੈਕਸ: (604) 689-7511
ਟੋਲ ਫਰੀ: 1-877-689-8474

### ਲਾਅ ਸੈਂਟਰ

Third Floor-1221 Broad St.
Victoria, BC V8W 2A4
ਫੋਨ: (250) 385-1221
ਫੈਕਸ: (250) 385-1226

### ਯੂ ਬੀ ਸੀ ਲਾਅ ਸਟੂਡੈਂਟਸ ਲੀਗਲ ਅਡਵਾਈਸ ਪ੍ਰੋਗਰਾਮ

Room 158, 1822 East Mall
Faculty of Law
University of British Columbia
Vancouver, BC V6T 1Z1
ਫੋਨ: (604) 822-5791

### ਵੈਸਟਰਨ ਕੈਨੇਡਾ ਸੁਸਾਇਟੀ ਟੂ ਐਕਸੈਸ ਜਸਟਿਸ

ਫੋਨ: (604) 878-7400
ਫੈਕਸ: (604) 324-1515
ਵੈੱਬਸਾਈਟ: www.accessjustice.ca

ਤੁਸੀਂ ਅੱਗੇ ਲਿਖੇ ਵੈੱਬਸਾਈਟਾਂ ਤੋਂ ਵੀ ਮਨੁੱਖੀ ਅਧਿਕਾਰਾਂ ਬਾਰੇ ਕਾਨੂੰਨੀ ਜਾਣਕਾਰੀ ਲੈ ਸਕਦੇ ਹੋ:

ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ ਵੈੱਬਸਾਈਟ ਤੇ ਲਿੰਕਾਂ ਸਮੇਤ –
www.bchrt.bc.ca

ਬੀ.ਸੀ. ਸਰਕਾਰ ਦਾ ਵੈੱਬਸਾਈਟ –
www.ag.gov.bc.ca/programs/hrc/index.htm

ਕੈਨੇਡੀਅਨ ਹਿਊਮਨ ਰਾਈਟਸ ਰਿਪੋਰਟਰ –
www.cdn-hr-reporter.ca

ਇਹ ਗਾਈਡ, ਗਾਈਡਾਂ ਦੀ ਲੜੀ ਵਿਚੋਂ ਇਕ ਹੈ ਜਿਹੜੀਆਂ ਟ੍ਰਿਬਿਊਨਲ ਜਾਂ ਸਰਕਾਰੀ ਏਜੰਟ ਦੇ ਤੁਹਾਡੇ ਸਥਾਨਕ ਦਫਤਰ ਤੋਂ ਮਿਲਦੀਆਂ ਹਨ। ਇਨ੍ਹਾਂ ਦੇ ਨਾਂ ਇਹ ਹਨ:

1. ਬੀ ਸੀ ਹਿਊਮਨ ਰਾਈਟਸ ਕੋਡ ਅਤੇ ਟ੍ਰਿਬਿਊਨਲ
2. ਸ਼ਿਕਾਇਤ ਕਰਨਾ
3. ਸ਼ਿਕਾਇਤ ਦਾ ਉੱਤਰ ਦੇਣਾ
4. ਨਿਪਟਾਰੇ ਲਈ ਮੀਟਿੰਗ
5. ਸੁਣਵਾਈ ਲਈ ਤਿਆਰ ਹੋਣਾ

ਟ੍ਰਿਬਿਊਨਲ ਕੋਲ ਜਾਣਕਾਰੀ ਦੇਣ ਵਾਲੀਆਂ ਸ਼ੀਟਾਂ ਦੀ ਵੀ ਇਕ ਲੜੀ ਹੈ, ਜਿਹੜੀਆਂ ਟ੍ਰਿਬਿਊਨਲ ਜਾਂ ਸਰਕਾਰੀ ਏਜੰਟ ਦੇ ਤੁਹਾਡੇ ਸਥਾਨਕ ਦਫਤਰ ਤੋਂ ਮਿਲਦੀਆਂ ਹਨ। (ਇਸ ਗਾਈਡ ਦੇ ਪਿਛਲੇ ਪਾਸੇ ਸੰਪਰਕ ਕਰਨ ਬਾਰੇ ਜਾਣਕਾਰੀ ਦੇਖੋ।)